ਸਰਪ੍ਰਸਤ ਗੁਰਗੱਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿ

ਮਾਸਕ ਪੱਤਰ

# ਅਜੂਨੀ

ਜਨਵਰੀ-ਫਰਵਰੀ 1975

## ਗੁਰਗੱਦੀ, ਸ੍ਰੀ ਹਜ਼ੂਰ
## ਬਾਬਾ ਸਾਹਿਬ ਸਿੰਘ ਜੀ ਬੇਦੀ
## ਦੇ
## ਵਰਤਮਾਨ ਬਾਰਿਕ



ਟਿੱਕਾ ਸਰਬਜੋਤ ਸਿੰਘ ਜੀ* — ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ

*ਟਿੱਕਾ ਜੀ ਦੇ ਸੁਭ ਵਿਵਾਹ ਦੀ ਰਸਮ ਟਿਕਾ ਰਾਣੀ ਨੀਰਾ ਦੇਵੀ ਜੀ ਨਾਲ
16 ਫਰਵਰੀ 1975 ਨੂੰ ਚੰਡੀਗੜ੍ਹ ਵਿਚ ਅਦਾ ਹੋਈ।


# ਸ੍ਰੀਮਾਨ ਬਾਬਾ ਸਰਬਜੋਤ ਸਿੰਘ ਜੀ ਬੇਦੀ



ਸਤਾਰ੍ਹਵੀਂ ਜੋਤ ਗੁਰੂ ਨਾਨਕ ਪਾਤਸ਼ਾਹ ਲਾੜੇ ਦੇ ਸਰੂਪ ਵਿਚ,
ਤੇ ਆਪਦਾ ਭਾਣਜਾ ਤੇਜਪ੍ਰੀਤ ਸਿੰਘ ਸਰਬਾਲ੍ਹਾ ।



ਸ੍ਰੀਮਾਨ ਟਿੱਕਾ ਸਰਬਜੋਤ ਸਿੰਘ ਜੀ ਬੇਦੀ
(ਊਨਾ ਸਾਹਿਬ)
ਵਿਵਾਹ ਸਮੇਂ, ਸੇਹਰੇ ਸਹਿਤ ।



ਸ੍ਰੀਮਾਨ ਬਾਬਾ ਸਰਬਜੋਤ ਸਿੰਘ ਜੀ ਬੇਦੀ ਅਤੇ ਆਪ ਦੀ ਧਰਮ ਪਤਨੀ
ਮਾਤਾ ਨੀਰਾ ਬੀਬੀ ਨੂੰ, ਆਪ ਦੇ ਪੂਜ ਪਿਤਾ
ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ,
ਵਿਵਾਹ ਸਮੇਂ ਅਸ਼ੀਰਵਾਦ ਦੇ ਰਹੇ ਹਨ ।

# ਗੁਰ-ਵੰਸਾਵਲੀ

ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ          ਬਾਬਾ ਲਖਮੀ ਚੰਦ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ          ਬਾਬਾ ਮੇਹਰ ਚੰਦ ਜੀ

ਬਾਬਾ ਦਾਤਾਰ ਚੰਦ ਜੀ, ਬਾਬਾ ਜਗਤ ਚੰਦ ਜੀ, ਬਾਬਾ ਹੰਸ ਰਾਜ ਜੀ          ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿਤ ਚੰਦ ਜੀ, ਬਾਬਾ ਪਹਾੜ ਚੰਦ ਜੀ, ਬਾਬਾ ਤਾਰਾ ਚੰਦ ਜੀ, ਬਾਬਾ ਫ਼ਤਹਿ ਚੰਦ ਜੀ, ਬਾਬਾ ਉਦੇ ਚੰਦ ਜੀ

ਬਾਬਾ ਹਰਿਕਰਣ ਚੰਦ ਜੀ, ਬਾਬਾ ਮਨਸਾ ਚੰਦ ਜੀ, ਬਾਬਾ ਆਸਾ ਚੰਦ ਜੀ, ਬਾਬਾ ਸੂਰਜ ਸਿੰਘ ਜੀ

ਬਾਬਾ ਨਿਹਾਲ ਚੰਦ ਜੀ, ਬਾਬਾ ਹਰਜਸ ਜੀ, ਬਾਬਾ ਦੀਪ ਚੰਦ ਜੀ, ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ          ਬਾਬਾ ਲੱਜਾਧਾਰੀ ਜੀ

ਬਾਬਾ ਕੁਇਰ ਸਿੰਘ ਜੀ, ਬਾਬਾ ਧਰਮ ਸਿੰਘ ਜੀ ਬਾਬਾ ਅਜੀਤਸਿੰਘ ਜੀ, ਬਾਬਾ ਸਾਗਰਚੰਦ ਜੀ, ਬਾਬਾ ਅਵਤਾਰਚੰਦ ਜੀ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਾਬਾ ਬਿਸ਼ਨ ਸਿੰਘ ਜੀ          ਸ੍ਰੀ ਬਾਬਾ ਤੇਗ ਸਿੰਘ ਜੀ          ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ          ...          ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਸ੍ਰੀ ਬਾਬਾ ਖੇਮ ਸਿੰਘ ਜੀ          ...          ਸ੍ਰੀ ਹਜ਼ੂਰ ਬਾਬਾ ਰਾਮ ਕਿਸ਼ਨ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ
(ਵਰਤਮਾਨ ਗੱਦੀ-ਨਸ਼ੀਨ)

ਟਿੱਕਾ ਸਰਬਜੋਤ ਸਿੰਘ ਜੀ

# ਲੇਖ-ਸੂਚੀ


| ਨੰ: | ਨਾਂ ਲੇਖ | ਲੇਖਕ | ਸਫ਼ਾ |
|---|---|---|---|
| 1 | ਚਰਨ ਕਵਲ ਦੀ ਮਹਿਮਾ— | ਭਾਈ ਗੁਰਦਾਸ ਜੀ | 1 |
| 2 | ਸੰਪਾਦਕੀ— | ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ | 2 |
| 3 | ਵਧਾਈਆਂ (ਕਵਿਤਾ)— | ਸ: ਰਾਮ ਨਰੈਣ ਸਿੰਘ ਜੀ 'ਦਰਦੀ' | 3 |
| 4 | ਰਾਜਾ ਜੋਗੀ— | ਗਿ: ਈਸ਼ਰ ਸਿੰਘ ਜੀ ਨਾਰਾ | 5 |
| 5 | ਸਿਹਰਾ ਮੁਬਾਰਿਕ (ਕਵਿਤਾ)— | ਸ: ਰਾਮ ਨਰੈਣ ਸਿੰਘ ਜੀ 'ਦਰਦੀ' | 12 |
| 6 | Guru Nanak | Gnl. Sir O' Moore Creagh | 17 |
| 7 | ਪੁਰਾਤਨ ਗੁ: ਨਾ: ਜਨਮ ਸਾਖੀ— | ਸੋਢੀ ਮੇਹਰਬਾਨ ਜੀ ਵਿਚੋਂ | 25 |
| 8 | ਜੀਵਨ ਬਾਬਾ ਸ੍ਰੀ ਚੰਦ ਜੀ ਉਦਾਸੀ— | ਗਿ: ਈਸ਼ਰ ਸਿੰਘ ਜੀ ਨਾਰਾ | 35 |
| 9 | ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ — | ਪੁਰਾਤਨ ਗ੍ਰੰਥ ਵਿਚੋਂ | 45 |
| 10 | ਸੰਪਰਦਾਇਕ ਸਮਾਚਾਰ— | ਗੁਰ-ਗੱਦੀ ਸੇਵਾਦਾਰ | 50 |


ਨੋਟ— ਅਫ਼ਸੋਸ ਹੈ ਕਿ ਪਰੈਸ ਦੀ ਢਿਲਿਆਈ ਦੇ ਕਾਰਨ ਸਫ਼ਾ 21 ਤੋਂ 24 ਅੰਗਰੇਜ਼ੀ ਲੇਖ ਛਪ ਕੇ ਸ਼ਾਮਲ ਨਹੀਂ ਹੋ ਸਕਿਆ।

× × × ×


ਸਟੇਟਮੈਂਟ 'ਅਜੂਨੀ' ਪੱਤਰਕਾ ਦੀ ਮਾਲਕੀ ਆਦਿ

ਜੋ ਫ਼ਰਵਰੀ ਚੇ ਅਖੀਰ ਤੋਂ ਬਾਦ ਪਹਿਲੇ ਪਰਕਾਸ਼ਨ ਵਿਚ ਛਪਣਾ ਜ਼ਰੂਰੀ ਹੈ—

ਫ਼ਾਰਮ 4

(ਰੂਲ 8 ਅਨੁਸਾਰ)

1 ਪ੍ਰਕਾਸ਼ਤ ਦਾ ਸਥਾਨ— ... ਪਿੰਡ ਮਨਸੂਰਾਂ, ਜ਼ਿਲਾ ਲੁਧਿਆਣਾ

2 ਪ੍ਰਕਾਸ਼ਤ ਦਾ ਸਮਾਂ— ... ਹਰ ਮਹੀਨੇ ਦੀ ਅੰਤਲੀ ਤਾਰੀਖ

3 ਨਾਮ ਤੇ ਪਤਾ—ਪਰਿੰਟਰ, ਪਬਲਿਸ਼ਰ; ਐਡੀਟਰ ਤੇ ਪੂਰਾ ਮਾਲਕ — ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਬੇਦੀ<br>ਦਮਦਮਾ ਬਾਬਾ ਸਾਹਿਬ ਸਿੰਘ ਜੀ ਬੇਦੀ<br>ਪਿੰਡ ਮਨਸੂਰਾਂ ਜ਼ਿਲਾ ਲੁਧਿਆਣਾ

4 ਕੌਮੀਅਤ— ... ... ... ਭਾਰਤੀ

ਮੈਂ ਆਪਣੀ ਸਹੀ ਤੇ ਠੀਕ ਵਾਕਫ਼ੀਅਤ ਅਨੁਸਾਰ ਇਸ ਬਿਆਨ ਨੂੰ ਪ੍ਰਕਾਸ਼ਤ ਕਰਦਾ ਹਾਂ।

ਐਡੀਟਰ—

(ਸਹੀ) ਬਾਬਾ ਮਧੁਸੂਦਨ ਸਿੰਘ ਬੇਦੀ

ੴ

ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਗੱਦੀ-ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਦੀ

ਸਰ-ਪ੍ਰਸਤੀ ਹੇਠ ਛਪਣ ਵਾਲਾ

ਮਾਸਕ ਪੱਤਰ **ਅਜੂਨੀ** ਮਨਸੂਰਾਂ (ਲੁਧਿਆਣਾ)

ਸਾਲ 6 ] ਜਨਵਰੀ—ਫ਼ਰਵਰੀ, 1975 [ ਅੰਕ 1-2

## ਚਰਨ ਕਵਲ ਦੀ ਮਹਿਮਾ

ਚਰਨ ਕਵਲ ਸਰਨਾਗਤੀ, ਸਾਧ ਸੰਗਤ ਮਿਲ ਗੁਰਸਿਖ ਆਏ ॥
ਅੰਮ੍ਰਿਤ ਦ੍ਰਿਸਟ ਨਿਹਾਲ ਕਰ, ਦਿਬ ਦ੍ਰਿਸਟ ਦੇ ਪੈਰੀਂ ਪਾਏ ॥
ਚਰਣ ਰੇਣ ਮਸਤਕਿ ਤਿਲਕ, ਭਰਮ ਕਰਮ ਦਾ ਲੇਖ ਮਿਟਾਏ ॥
ਚਰਣੋਦਕ ਲੈ ਆਚਮਨ, ਹਉਮੈ ਦੁਬਿਧਾ ਰੋਗ ਗਵਾਏ ॥
ਪੈਰੀਂ ਪੈ ਪਾਖਾਕ ਹੋਇ, ਜੀਵਨ ਮੁਕਤਿ ਸਹਜਿ ਘਰ ਆਏ ॥
ਚਰਣ ਕਵਲ ਵਿਚ ਭਵਰ ਹੋਇ, ਸੁਖ ਸੰਪਟ ਮਕਰੰਦ ਲੁਭਾਏ ॥
ਪੂਜ ਮੂਲ ਸਤਿਗੁਰੂ ਚਰਣ, ਦੂਤੀਆ ਨਾਸਤ ਲਵੈ ਨ ਲਾਏ ॥
ਗੁਰਮੁਖ ਸੁਖ ਫਲ ਗੁਰ ਸਰਣਾਏ ॥

(ਭਾਈ ਗੁਰਦਾਸ ਜੀ)

# ਸੰਪਾਦਕੀ !

(ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗੱਦੀ ਨਸ਼ੀਨ, ਊਨਾ ਸਾਹਿਬ)

ਸਰਬੱਤ ਸੰਗਤ ਮਾਈ-ਭਾਈ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਸਤਾਰ੍ਹਵੀਂ ਜੋਤ—ਸਰਬ-ਜੋਤ— "ਸਰਬ ਜੋਤ ਤੇਰੀ ਪਸਰ ਰਹੀ" ਟਿੱਕਾ ਸਰਬਜੋਤ ਸਿੰਘ ਜੀ, ਦਾਸ ਦੇ ਸਪੁੱਤਰ ਦੇ ਵਿਵਾਹ ਦੀ ਵਧਾਈ ਹੋਵੇ। ਆਪ ਦਾ ਸ਼ੁਭ ਅਨੰਦ ਕਾਰਜ 16 ਫ਼ਰਵਰੀ 1975 ਨੂੰ ਚੰਡੀਗੜ੍ਹ ਵਿਖੇ ਬੜੀ ਧੂਮ ਧਾਮ ਨਾਲ ਰਚਿਆ ਗਿਆ ਤੇ ਮਾਤਾ ਨੀਰਾ ਬੀਬੀ ਦਾ ਪ੍ਰਕਾਸ਼ ਹੋਇਆ। ਅਜ ਤੋਂ ਬੀਬਾ ਨੀਰਾ ਜੋ ਸਚ ਦੀ ਦੇਵੀ ਪ੍ਰਾਪਤ ਹੋਈ ਹੈ, ਯੋਗ ਮਾਤਾ ਕਹਾਵਣ ਦੀ ਮੁਸਤਹਕ ਹੈ। ਬੜੀ ਸੁਚੱਜੀ ਤੇ ਸਿਆਣੀ ਹੈ, ਜਿਉਂ ਜਿਉਂ ਸੰਗਤਾਂ ਵਿਚ ਵਿਚਰੇਗੀ, ਸੰਗਤ ਦੀ ਸੇਵਾ ਕਰੇਗੀ; ਪ੍ਰਤਾਪ ਪ੍ਰਗਟ ਹੁੰਦਾ ਚਲਾ ਜਾਵੇਗਾ। ਇਸ ਘਰ ਦਾ ਮੁਖ ਤਾਂ ਸੰਗਤਾਂ ਦੀ ਸੇਵਾ ਸਰੀਰਕ ਤੇ ਆਤਮਿਕ ਤੌਰ ਤੇ ਹੈ। ਸਰੀਰ ਨੂੰ ਸੇਵਾ ਨਾਲ ਰਾਜ਼ੀ ਰਖਣਾ ਹੈ ਤੇ ਆਤਮਾ ਨੂੰ ਸਿਮਰਨ ਕਰ ਕੇ। ਇਹ ਆਤਮਾ ਬੜੀ ਹੀ ਬਲਵਾਨ ਹੈ, ਪੂਰਬਲੇ ਸੰਸਕਾਰਾਂ ਵਾਲੀ ਹੋਵੇਗੀ, ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਸਪੁੱਤਰ ਤੇ ਦਰ-ਘਰ ਸਦਾ ਲਈ ਪ੍ਰਾਪਤ ਹੋਇਆ। ਪਤੀ ਗੁਰੂ ਰੂਪ ਹੈ, ਪਰਮੇਸ਼ਵਰ ਹੈ, ਆਪ ਦੀ ਸੇਵਾ ਨਾਲ ਹੀ ਪ੍ਰਾਪਤੀ ਹੈ।

"ਆਪ ਗਵਾਈਐ ਤਾਂ ਸ਼ਹੁ ਪਾਈਐ ਅਵਰ ਕੈਸੀ ਚਤੁਰਾਈ॥"

ਗੁਆਈਐ—ਕਿਵੇਂ ਸੇਵਾ ਨਾਲ ਜਿਸ ਦਾ ਭਾਵ—ਮਨ ਨੀਵਾਂ, ਮੱਤ ਉੱਚੀ, ਮੱਤ ਕਾ ਰਾਖਾ ਵਾਹਿਗੁਰੂ ਹੁੰਦਾ ਹੈ। ਜਿਥੇ ਜਿਸ ਬੱਚੀ ਦਾ ਰਾਖਾ ਵਾਹਿਗੁਰੂ ਹੋ ਗਿਆ, ਉਸ ਲਈ ਪਰਮੇਸ਼ਵਰ ਦੀ ਪ੍ਰਾਪਤੀ ਹੈ। ਜਿਸ ਨੂੰ ਪਰਮੇਸ਼ਵਰ ਦੀ ਪ੍ਰਾਪਤੀ ਹੈ—

'ਇਕ ਜੋਤ ਦੋਇ ਮੂਰਤੀ ਧਨ ਪਿਰਿ ਕਹੀਐ ਸੋਇ ॥'

ਉਸ ਤੋਂ ਮੰਗੀ ਜਾ, ਤੇ ਤੇਰਾ ਬਾਪ ਆਪ ਦਿਤੀ ਜਾਵੇਗਾ। ਜੋਤ ਜੋ ਇਕ ਹੋ ਗਈ—

'ਮਨ ਤੂ ਜੋਤ ਸਰੂਪ ਹੈਂ ਅਪਣਾ ਮੂਲ ਪਛਾਣੁ ॥'

ਮੂਲ ਜੋ ਹੈ, ਸੋ ਸੇਵਾ ਤੇ ਫਿਰ ਸਿਮਰਨ ਹੈ। ਸੇਵਾ ਮੁਖ ਹੈ—ਮਨ ਨੀਵਾਂ ਤੇ ਫੇਰ ਆਪੇ ਹੀ ਸਿਮਰਨ ਵਿਚ ਚਿਤ ਲਗਦਾ ਹੈ। ਪਤੀ ਕਿਤਨਾ ਹੀ ਕਠੋਰ ਚਿਤ ਹੋਵੇ ਪਰ ਪਤਨੀ ਉਸ ਨੂੰ ਸੇਵਾ ਨਾਲ ਮੋਮ ਕਰ ਲੈਂਦੀ ਹੈ ਤੇ ਪਤੀ ਲਈ ਬਾਬਾ ਜੀ ਜੋ ਚਾਹੇ। 7ਵੀਂ ਜੋਤ ਹਨ ਪਰ ਅਜ ਈਮਾਨ ਵਾਲੇ ਬਣੇ ਹਨ; ਪਹਿਲਾਂ ਤਾਂ ਛੜੇ-ਛਾਂਟ ਹੀ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਮੁਖ ਵਾਕ ਹੈ—

ਅਉਰਤ ਈਮਾਨ। ਪੁੱਤਰ ਨਿਸ਼ਾਨ। ਦੌਲਤ ਗੁਜ਼ਰਾਨ ਤੇ ਕਰਨੀ ਪ੍ਰਵਾਨ ॥

ਜਦ ਈਮਾਨ ਵਾਲੇ ਹੋ ਗਏ ਤਾਂ ਨਿਸ਼ਾਨ ਸਤਿਗੁਰੂ ਬਖਸ਼ਣਗੇ। ਜੇ ਕਰਨੀ ਪੈਦਾ ਕਰਨ ਲਗ ਪਏ ਜੋ ਆਪ ਦਾ ਕਰਮ-ਧਰਮ ਹੈ ਤਾਂ ਦੌਲਤ ਤਾਂ ਆਪ ਦੀ ਦਾਸੀ ਹੈ, ਚਰਨਾਂ ਵਿਚ ਰੁਲੇਗੀ, ਕਰਨੀ ਤੋਂ ਬਗੈਰ ਗੁਜ਼ਾਰਾ ਨਹੀਂ। ਗੁਰੂ ਨਾਨਕ ਪਾਤਿਸ਼ਾਹ ਦੀ ਅਪਾਰ ਬਖਸ਼ਿਸ਼ ਹੈ ਜੋ ਆਪ ਨੂੰ ਚੁਣ ਕੇ ਆਪਣੇ ਦਰ-ਘਰ ਜਨਮ ਬਖਸ਼ਿਆ ਹੈ ਤੇ ਹੁਣ ਕਰਮ ਹੈ—ਗੁਰੂ ਸਿਖ, ਸਿਖ ਗੁਰੂ ਹੈ। ਪਰ— ਇਕੋ ਗੁਰ ਉਪਦੇਸ਼ ਚਲਾਏ ॥

ਰਾਮ ਨਾਮ ਰਿਦ ਅੰਤਰ ਦੀਆ ਨਾਨਕ ਮਿਲਨ ਸੁਭਾਏ।

ਸੋ, ਇਕੋ ਗੁਰ-ਉਪਦੇਸ਼ ਹੀ ਆਪ ਦਾ ਕਰਤਬ ਹੈ। ਇਕੋ ਕਿਹੜਾ ? ਗੁਰੂ ਨਾਨਕ ਪਾਤਿਸ਼ਾਹ ਵਾਲਾ— 1) ਕਲੂ ਆਇਓ ਰੇ ਕਲੂ ਆਇਓ ਇਕ ਨਾਮ ਬੋਵੋ ਬੋਵੋ ॥

2) ਇਕ ਊਪਰ ਜਿਸ ਜਨ ਕੀ ਆਸਾ॥ ਤਿਸ ਕੀ ਕਟੀਐ ਜਮ ਕੀ ਫਾਸਾ॥

ਤੇ ਦਾਸ ਬਨਣਾ— 3) 'ਨਾਨਕ ਦਾਸ ਤੇਰੀ ਸਰਨਾਈ ॥'
ਤੇ ਨੀਚ ਕਹਿਲਾਵਣਾ ਬਲਵਾਨ ਹੁੰਦੇ ਹੋਏ ਵੀ— 4) 'ਨਾਨਕ ਨੀਚ ਕਹੈ ਵੀਚਾਰੁ ॥'
ਤੇ ਫੇਰ ਸਗ ਉਸ ਦੀ ਦਰਗਾਹ ਦਾ ਕਹਾਉਣ ਤੇ ਸ਼ਰਮ ਨਾ ਖਾਣੀ, ਮਨ ਜਿਤ ਲੈਣਾ, ਨਾ—ਮੈਂ ਹੋ ਜਾਣਾ— 5) 'ਹਉਂ ਕੂਕਰ ਤੇਰੇ ਦਰਬਾਰ ॥ ਭੌਂਕਉਂ ਆਗੈ ਬਦਨੁ ਪਸਾਰ ॥'
6) 'ਸਗ ਨਾਨਕ ਮਸਤਾਨਾ ॥'
ਤੇ ਮਨ ਤੇ ਗਰੀਬੀ ਵਸਾਉਣੀ— 7) 'ਨਾਨਕ ਗਰੀਬ ਢਹਿ ਪਿਆ ਦੁਆਰੇ ॥'
ਇਸ ਇਕੋ ਉਪਦੇਸ਼ ਤੇ ਚਲਣ ਵਾਲੇ ਨੂੰ ਹੀ ਗੁਰੂ ਨਾਨਕ ਪਾਤਿਸ਼ਾਹ ਦੀ ਪ੍ਰਸੰਤਾ ਹੈ। ਦਾਸ ਤਾਂ ਪਿਤਾ ਹੈ; ਪਰੰਤੂ ਅਜ ਸੰਗਤ ਵੀ ਜੋ ਹਜ਼ਾਰਾਂ ਦੀ ਤਾਦਾਦ ਵਿਚ ਅਸੀਸਾਂ ਬਖਸ਼ਣ ਨੂੰ ਇਕੱਠੀ ਹੋ ਅਰਦਾਸ ਕਰਦੀ ਸੀ ਕਿ 'ਸਾਡੇ ਆਉਣ ਵਾਲੇ ਬਾਬੇ ਜੀ ਨੂੰ ਤੇ ਮਾਤਾ ਜੀ ਨੂੰ ਵੱਡੀ ਆਯੂ ਵਾਲੇ ਬਣਾਵੇ ਤਾਕਿ ਦੇਸ਼ ਤੇ ਕੌਮ ਦੀ ਸੇਵਾ ਵਿਚ ਜੁਟੇ ਰਹਿਣ; ਸਤਿਗੁਰੂ ਨਾਨਕ ਪਾਤਿਸ਼ਾਹ ਰਾਖੇ ਹੋਣ; ਲੋੜ ਦੀ ਥੋੜ ਨਾ ਆਵੇ।' ਆਪ ਵੀ ਸਾਰੇ ਨਾਲ ਸ਼ਾਮਲ ਹੋਵੇ; ਗੁਰੂ ਅੰਸ਼ ਲਈ ਅਰਦਾਸ ਕਰੇ; ਜੋ— 'ਮਨੋ ਨਾ ਵਿਸਰੈ ਵਾਹਿਗੁਰੂ ॥'

'ਦੇਹੁ ਅਸੀਸ ਕਹੈ ਜਗਦੀਸ ਇਹ ਜੋੜੀ ਜੀਵੈ ਜੁਗ ਚਾਰ ਤਿਹਾਰੀ ॥'

ਸਤਿਨਾਮ ਸ੍ਰੀ ਵਾਹਿਗੁਰੂ ॥

ਨਾਮ ਚਿਤ ਆਵੈ ॥

—o—

# ਟਿੱਕਾ ਸਰਬਜੋਤ ਸਿੰਘ ਜੀ ਤੇ ਬੀਬੀ ਨੀਰਾ ਜੀ ਨੂੰ ਸ਼ਾਦੀ ਤੋਂ ਬਾਦ ਭਰੇ ਦਰਬਾਰ ਵਿਚ ਵਧਾਈਆਂ !

ਜੋੜੀ ਜੁੜੀ; ਇਹ ਜੋੜੀ ਜੋ ਹੀਰਿਆਂ ਦੀ; ਜੋੜੀ ਆਪ ਜੋੜੀ; ਜੋੜਣਹਾਰ ਜੋੜੀ।
ਜੋੜਣ ਵਾਲੇ ਨੇ ਜੋੜ ਉਹ ਜੋੜਿਆ ਏ; ਜੁੜੀ ਅੱਜ ਤਕ ਨਾ ਵਿਚ ਸੰਸਾਰ ਜੋੜੀ।
ਏਸ ਜੋੜੀ ਨੇ ਪੱਲੂ ਦੇ ਨਾਲ ਜੁੜ ਕੇ, ਫੇਰੇ ਲਏ ਰਲ ਕੇ ਕੁਲ ਚਾਰ ਜੋੜੀ।
ਜੁੜਿਆ ਜੋੜ ਇਹ ਜੁੜਿਆ ਰਹੇ ਖੁਸ਼ੀ ਭਰਿਆ; ਜੁੜਕੇ ਮਾਣੇਂ ਇਹ ਸਾਲ ਹਜ਼ਾਰ ਜੋੜੀ।

ਗੁਰੂ ਜੋੜਿਆ ਇਹਨਾਂ ਨੂੰ ਨਾਲ ਲਾਵਾਂ; ਜੋੜੇ ਲੋਕਾਂ ਨੂੰ ਗੁਰੂ ਦੇ ਨਾਲ ਜੋੜੀ।
ਬੇਦੀ ਬੰਸ ਜੋੜੀ ਸਾਣੀ ਨਾਮ ਜੋੜੀ; ਜੁੜੀ ਜੁੜ ਗਈ ਕਿਵੇਂ ਕਮਾਲ ਜੋੜੀ।
ਮਾਂ ਬਾਪ ਜੋੜੀ; ਨੂੰਹ ਪੁੱਤ ਜੋੜੀ, ਸਿਫ਼ਤ ਜਿਨ੍ਹਾਂ ਦੀ ਕਵਿਤਾ ਵਿਚਕਾਰ ਜੋੜੀ।
ਕਿ ਜੀਉਂਦੀ ਰਹੇ ਏਧਰ ਬਰਖ਼ੁਰਦਾਰ ਜੋੜੀ; ਨਾਲੇ ਜੀਉਂਦੀ ਰਹੇ ਵੱਡੀ ਸਰਕਾਰ ਜੋੜੀ।

ਨਹੀਂ; ਮੈਂ ਅਜ ਉਦਾਹਰਣ ਕੋਈ ਦ ਸਕਦਾ; ਮਾਂ ਦੇ ਜਜ਼ਬੇ ਅਤੇ ਪਿਆਰ ਦੇ ਨਾਲ।
ਨਾ ਮੈਂ ਉਪਮਾ ਕੋਈ ਹਾਂ ਦੇ ਸਕਦਾ; ਸਜੇ-ਫਬੇ ਹੋਏ ਨੂਰ ਦੇ ਸ਼ਿੰਗਾਰ ਦੇ ਨਾਲ।
ਕਿਵੇਂ ਵਿਹੜੇ ਦੀ ਧਰਤੀ ਨੂੰ ਚਾਅ ਚੜ੍ਹਿਆ; ਗਹਿਣੇ ਲਦੀ ਦੇ ਕਿਸੇ ਛਣਕਾਰ ਦੇ ਨਾਲ।
ਕਿਵੇਂ ਦਿਲੇ ਦੀਆਂ ਕੰਧਾਂ ਨੇ ਰਾਗ ਛੋਹਿਆ; ਦਿਲ ਦੀਆਂ ਤਾਰਾਂ ਦੀ ਕਿਸੇ ਝੁਣਕਾਰ ਦੇ ਨਾਲ।
ਕਿਵੇਂ ਜੱਗ ਮੁਬਾਰਕਾਂ ਦੇਣ ਆਇਆ; ਬਾਬਾ ਸਾਹਿਬ ਨੂੰ ਪਿਆਰ ਉਤਸ਼ਾਹ ਦੇ ਨਾਲ।
ਕਿਵੇਂ ਕੁਦਰਤ ਨੇ ਝੂਮ ਕੇ ਨਾਚ ਕੀਤਾ, ਬੜੀ, ਮਸਤੀ ਤੇ ਬੜੇ ਉਮਾਹ ਦੇ ਨਾਲ।

ਜਿਹੜੇ ਘਰ ਹੋ ਨੀਰਾ ਜੀ ਤੁਸੀਂ ਆਏ, ਇਹਦਾ ਜੱਗ ਦੇ ਵਿਚ ਸਤਿਕਾਰ ਕਿੰਨੈ ।
ਇਸ ਘਰ ਬਰਕਤਾਂ ਲੱਖਾਂ ਹੀ ਰੁਲਦੀਆਂ ਨੇ; ਭਰਿਆ ਅਜ਼ਮਤ ਦੇ ਨਾਲ ਭੰਡਾਰ ਕਿੰਨੈ।
ਨਾਨਕ ਗੁਰੂ ਦਾ ਬੇਦੀ ਹੈ ਬੰਸ ਸੁੱਚਾ, ਏਥੇ ਸਿਦਕ ਕਿੰਨੈ ਤੇ ਪਿਆਰ ਕਿੰਨੈ ।
ਏਥੋਂ ਝੋਲੀਆਂ ਭਰ ਭਰ ਜਾਣ ਲੋਕੀਂ; ਦਾਤਾਂ ਲੈਣ ਲਈ ਆਉਂਦਾ ਸੰਸਾਰ ਕਿੰਨੈ ।
ਨਾਨਕ ਗੁਰੂ ਦੀ ਏਸ ਦਹਿਲੀਜ਼ ਉਤੇ, ਸਿਦਕ ਨਾਲ ਜਿਸ ਨੇ ਨਮਸਕਾਰ ਕੀਤੀ ।
ਸੱਤਾਂ ਕੁੱਲਾਂ ਹੀ ਉਸ ਦੀਆਂ ਤਰ ਗਈਆਂ, ਜਿਸ ਤੇ ਨਜ਼ਰ ਇਸ ਮੇਰੀ ਸਰਕਾਰ ਕੀਤੀ।

ਟਿੱਕਾ ਸਾਹਿਬ ਜੀ ਪੜ੍ਹੇ ਤੁਸੀਂ ਬਹੁਤ ਚੰਗੇ; ਸੂਝਵਾਨ ਵੀ ਹੋ; ਸਮਝਦਾਰ ਵੀ ਹੋ ।
ਬੇਦੀ ਬੰਸ ਵੀ ਹੋ ਤੇ ਵਿਦਵਾਨ ਵੀ ਹੋ; ਸੋਹਣੇ ਸੁੰਦਰ ਅਣਖੀਲੇ ਸੇਵਾਦਾਰ ਵੀ ਹੋ ।
ਬਾ-ਤਹਿਜ਼ੀਬ ਵੀ ਹੋ, ਬਾ-ਇਖਲਾਕ ਵੀ ਹੋ, ਬਾ-ਈਮਾਨ ਵੀ ਹੋ, ਬਾ-ਇਤਬਾਰ ਵੀ ਹੋ।
ਇਉਂ ਗੰਭੀਰ ਵੀ ਹੋ ਤੇ ਅਸੀਲ ਵੀ ਹੋ; ਮਿੱਤਰ ਮਿੱਤਰਾਂ ਦੇ ਵਫ਼ਾਦਾਰ ਵੀ ਹੋ ।
ਜਿੱਦਾਂ ਕੁੱਲ ਚੰਗੀ; ਜਿੱਦਾਂ ਪੁੱਤ ਚੰਗੇ; ਚੰਗੇ ਪਤੀ ਵੀ ਬਣ ਕੇ ਵਿਖਾ ਸਕੋ ।
ਇੰਦਰਜੀਤ ਸਿੰਘ ਦੀ ਲਾਡਲੀ ਪੁਤਰੀ ਦਾ; ਸਾਰੀ ਉਮਰ ਤੁਸੀਂ ਸਾਥ ਨਿਭਾ ਸਕੋ ।

ਟਿੱਕਾ ਸਾਹਿਬ ਜੀ ਤੁਸਾਂ ਦੇ ਵਡਿਆਂ ਨੇ; ਸਾਡੇ ਦੇਸ਼ ਲਈ ਪਰਉਪਕਾਰ ਕੀਤੇ ।
ਨਾਲੇ ਤੱਪ ਕੀਤਾ; ਨਾਲੇ ਤੇਗ਼ ਮਾਰੀ; ਨਾਲੇ ਦੇਸ਼ ਤੋਂ ਜੀਵਨ ਨਿਸਾਰ ਕੀਤੇ ।
ਅਸੀਂ ਇਕ ਵੀ ਕੀਤੀ ਨਾ ਲਾਹ ਸਕੇ, ਐਪਰ ਉਹਨਾਂ ਅਹਿਸਾਨ ਹਜ਼ਾਰ ਕੀਤੇ ।
ਰੋਗ਼, ਸੋਗ; ਦਲਿੱਦਰ ਸੀ ਦੂਰ ਕੀਤੇ; ਬੇੜੇ ਦੁਖੀਆਂ ਗਰੀਬਾਂ ਦੇ ਪਾਰ ਕੀਤੇ ।
ਚੁੱਕੀ ਅੱਖ ਅਸਮਾਨ ਤੇ ਅੱਗ ਖਿਲਰੀ, ਤਾਜਾਂ ਵਾਲਿਆਂ ਸੀਸ ਝੁਕਾ ਦਿਤੇ ।
ਚੁੱਕੀ ਤੇਗ਼ ਤੇ ਜ਼ਲਜ਼ਲੇ ਲੱਖ ਆਏ; ਵੈਰੀ ਦਲਾਂ ਨ ਝੰਡੇ ਨਿਵਾ ਦਿਤੇ ।

ਖਿੜੋ ਫੁਲਾਂ ਦੇ ਬੂਟਿਓ ਰੱਜ ਰੱਜ ਕੇ, ਬਾਬਾ ਸਾਹਿਬ ਦੇ ਘਰ ਬਹਾਰ ਆਈ ।
ਗਿੱਧੇ ਮਾਰੋ ਤੁਸੀਂ ਰੁੱਖਾਂ ਦੇ ਪੱਤਿਓ ਵੇ; ਬੇਦੀ ਬੰਸ ਘਰ ਖੁਸ਼ੀ ਅਪਾਰ ਆਈ ।
ਭੈਣੋ-ਵੀਰੋ ਅੱਜ ਖੁਸ਼ੀ ਦ ਗੀਤ ਗਾਓ; ਖੁਸ਼ੀ ਅੱਜ ਹੈ ਬੇਸ਼ੁਮਾਰ ਆਈ ।
ਸੰਤੋ, ਰਾਗੀਓ ਰੱਜ ਕੇ ਲਉ ਮਸਤੀ, ਮਸਤੀ ਨਾਨਕ ਘਰ ਅਪਰ ਅਪਾਰ ਆਈ ।
ਆਸਾਂ ਜਿਸ ਘਰ ਤੋਂ ਪੁਜਣ ਸਭ ਦੀਆਂ, ਰੱਬੀ ਰਹਿਮਤਾਂ ਦਾ ਭਰਿਆ ਭੰਡਾਰ ਹੈ ਇਹ।
ਜਿਹਦੇ ਦਰੋਂ ਨਾ ਕੋਈ ਨਿਰਾਸ਼ ਜਾਵੇ; ਨਾਨਕ ਪਾਤਸ਼ਾਹ ਦਾ ਐਸਾ ਦਰਬਾਰ ਹੈ ਇਹ ।

ਮੇਰੀ ਕਵਿਤਾ ਦਾ ਅੱਖਰ ਹਰ ਆਖਦਾ ਏ, ਐ ਜੋੜੀ ਜਵਾਨ ਮੁਬਾਰਕ ਹੋਵੇ।
ਮੇਰੀ ਕਲਮ ਦੇ ਸ਼ਬਦ ਪਏ ਆਖਦੇ ਨੇ, ਐ ਬੇਦੀ ਖਾਨਦਾਨ ਮੁਬਾਰਕ ਹੋਵੇ ।
ਮੇਰੇ ਜਜ਼ਬਿਆਂ ਨੇ ਬੜਾ ਸ਼ੋਰ ਪਾਇਆ, ਐ ਨਾਨਕ ਸੰਤਾਨ ਮੁਬਾਰਕ ਹੋਵੇ ।
ਮਾਂ; ਬਾਪ, ਭੈਣਾਂ; ਜੀਜਾ, ਮਾਮਾ, ਫੁਫੜ, ਮੇਰੀ ਕਹੇ ਜ਼ਬਾਨ ਮੁਬਾਰਕ ਹੋਵੇ ।
ਟਿੱਕਾ ਸਾਹਿਬ ਤੇ ਨੀਰਾ ਨੇ ਹੁਣ ਰਲਕ, ਜੀਵਨ ਆਪਣਾ ਜਿਥੇ ਬਨਾਵਣਾ ਏ ।
'ਦਰਦੀ' ਬਾਣੀ ਤੇ ਨਾਮ ਦੇ ਨਾਲ ਉਥੇ ਬੇੜਾ ਲੋਕਾਂ ਦਾ ਪਾਰ ਲਗਾਵਣਾ ਏ ।

ਰਾਮ ਨਰੈਣ ਸਿੰਘ 'ਦਰਦੀ'

# ਰਾਜਾ ਜੋਗੀ

ਅਰਥਾਤ ਜੀਵਨ ਕਥਾ

# ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ

ਊਨਾਂ (ਪਹਿਲੇ ! ਜ਼ਿਲਾ ਹੁਸ਼ਿਆਰਪੁਰ ! ਫਿਰ ਹਿਮਾਚਲ ਪ੍ਰਦੇਸ਼)

( ਵਲੋਂ—ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ )

( ਪਿਛੇ ਤੋਂ ਅਗੇ )

ਗੁਰੂ ਹਰਿ ਗੋਬਿੰਦ ਸਾਹਿਬ ਛੇਵੇਂ ਸਤਿਗੁਰੂ ਜੀ ਦੇ ਦਿਲ ਉਤੇ ਆਪਣੇ ਪਿਤਾ ਗੁਰੂ ਅਰਜਨ ਦੇਵ ਪਰ ਵਾਪਰੇ ਜ਼ੁਲਮ ਦਾ ਬਹੁਤ ਅਸਰ ਹੋਇਆ ਸੀ ਆਪ ਜੀ ਇਸ ਸਿੱਟੇ ਤੇ ਪੁੱਜ ਚੁੱਕੇ ਸਨ ਕਿ ਜ਼ਾਲਮ ਅਤੇ ਮੂਰਖ ਅਨਿਆਈ ਹਕਾਮਾਂ ਨੂੰ ਸੱਤ ਅਤੇ ਨਿਆਏ ਦੇ ਰਾਹੇ ਤੋਰਨ ਲਈ ਪਹਿਲੇ ਪੰਜ ਸਤਿਗੁਰਾਂ ਨੇ ਜੋ ਹੱਦ ਕਰ ਵਖਾਈ ਹੈ। ਇਸ ਨਾਲ ਰਾਜ ਮੱਦ ਵਿਚ ਮਤੇ ਤੇ ਅੰਨ੍ਹੇ ਹੋ ਚੁਕੇ ਮੁਗਲਾਂ ਤੇ ਕੋਈ ਅਸਰ ਨਹੀਂ ਹੋਇਆ ਸੀ ਇਸ ਕਰਕੇ ਹੁਣ ਅੰਤਮ ਹਥਿਆਰ 'ਮੂਰਖ ਗੰਢ ਪਇ ਮੂਹ ਮਾਰ' ਹੀ ਵਰਤਣਾ ਚਾਹੀਦਾਹੈ ਇਉਂ ਸੋਚ ਕ ਆਪਣੇ ਗੁਰਿਆਈ ਦਾ ਤਿਲਕ ਲੈਣ ਲੈਣ ਸਮੇਂ ਹੀ 'ਮੀਰੀ ਪੀਰੀ' ਦੀਆਂ ਦੋਵੇਂ ਤਲਵਾਰਾਂ ਧਾਰਨ ਕੀਤੀਆ, ਅਤੇ ਲਾਹੌਰ ਦੇ ਸ਼ਾਹੀ ਤਖਤ ਦੇ ਮੁਕਾਬਲੇ ਤੇ ਕੇਵਲ ਪੰਝੀ ਕੋਹਾਂ ਦੀ ਵਿੱਥ ਉਤੇ ਸ੍ਰੀ ਅੰਮ੍ਰਿਤਸਰ ਵਿਚ 'ਸ੍ਰੀ ਅਕਾਲ ਤਖਤ' ਸਾਜਿਆ, ਅਤੇ 'ਰਾਜਾ ਜੋਗੀ' ਰੂਪ ਵਿਚ ਵਰਤ ਕੇ ਸਿਖ ਸੰਗਤਾਂ ਨੂੰ 'ਸ਼ਾਂਤੀ ਅਤੇ ਬੀਰ ਰਸ' 'ਸੰਤ ਸਿਪਾਹੀ' ਰੂਪ ਵਿਚ ਢਾਲਣਾ ਕੀਤਾ । ਜਿਸ ਤੇ ਗੁਰ ਸਿਖ 'ਦੇਹਿ ਅਧਿਆਸ' ਅਤੇ ਮੋਹ ਮਾਇਆ ਤੋਂ ਉੱਚੇ ਉਠ ਕੇ ਆਤਮਾਂ ਨੂੰ ਅਮਰ ਜਾਣਦੇ ਹੋਏ ਜ਼ੁਲਮ ਜ਼ੋਰ ਦੇ ਸਾਹਮਣੇ ਅੜ ਸਕਿਆ ਕਰਨ ।

ਜਹਾਂਗੀਰ ਤੋਂ ਪਿਛੋਂ ਸ਼ਾਹਜਹਾਂ ਤਖਤ ਤੇ ਬੈਠਾ ਸੀ, ਗੁਰੂ ਘਰ ਦੀਆਂ ਸਾਰੀਆਂ ਰਪੋਟਾਂ ਸ਼ਾਹੀ ਮੁਖਬਰਾਂ ਵਲੋਂ ਬਾਦਸ਼ਾਹ ਪਾਸ ਜਾਂਦੀਆਂ ਸਨ,ਤੇ ਉਹ ਨਹੀਂ ਸੀ ਚਾਹੁੰਦਾ ਕਿ ਸ਼ਾਹੀ ਤਖਤ ਦੇ ਨੇੜੇ ਹੀ ਧਾਰਮਕ ਰੂਪ ਵਿਚ ਸਿਖ ਗੁਰੂ ਧਰਮ ਦੇ ਕੇਂਦਰੀ 'ਤਖਤ' ਉਤੇ ਤਾਕਤ ਫੜ ਜਾਏ। ਸਿਖਾਂ ਦੀ ਇਸ ਬੱਝ ਰਹੀ ਤਾਕਤ ਨੂੰ ਮਿਟਾਣ ਲਈ ਉਸ ਨੇ ਗੁਰੂ ਜੀ ਉਤੇ ਕਈ ਵੇਰੀ ਭਾਰੀ ਫੌਜ ਚੜ੍ਹਾ ਭੇਜੀ ਕਿ ਸਿਖਾਂ ਨੂੰ ਮਾਰ ਕੇ ਗੁਰੂ ਜੀ ਨੂੰ ਕੈਦ ਕਰ ਲਿਆਉਣ, ਪਰ ਹਰ ਵੇਰ ਸ਼ਾਹੀ ਫ਼ੌਜ ਨੂੰ ਮੂਹ ਦੀ ਖਾਣੀ ਪਈ, ਜਿੱਤ ਗੁਰੂ ਜੀ ਦੀ ਹੁੰਦੀ ਰਹੀ।

ਬਾਬਾ ਅਜੀਤ ਸਿੰਘ ਜੀ ਨੇ ਆਪਣੇ ਸਪੁਤਰ ਸਾਹਿਬਜ਼ਾਦੇ ਸਾਹਿਬ ਸਿੰਘ ਜੀ ਨੂੰ ਇਹ ਸਾਖੀਆਂ ਭੀ ਵਿਸਤਾਰ ਨਾਲ ਸੁਣਾਈਆਂ ਜਿਵੇਂ ਗੁਰੂ ਹਰੀ ਰਾਏ ਜੀ ਸਤਵੇਂ ਗੁਰੂ ਸਾਹਿਬ ਨੇ ਰੰਕਾਂ ਨੂੰ ਰਾਜਾ ਹੋਣ ਦਾ ਵਰਦਾਨ ਬਖਸ਼ਿਆ ਅਤੇ ਅਠਵੇਂ ਗੁਰੂ ਹਰਕਿਸ਼ਨ ਜੀ ਨੇ ਗੁੰਗੇ ਤੋਂ ਗੀਤਾ ਦਾ ਪਾਠ ਕਰਾਇਆ, ਦੁਖੀਆਂ ਦਾ ਦੁਖ ਹਟਾਇਆ, ਅਤੇ ਜ਼ਾਲਮਾਂ ਤੁਰਕਾਂ ਨੂੰ ਮੂਹ ਨ ਦਿਖਾਇਆ ਸੀ ।

ਉਪਰੰਤ ਨੌਵੇਂ ਸਤਿਗੁਰੂ ਤੇਗ ਬਹਾਦਰ ਸਾਹਿਬ, ਜੋ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਉਹਨਾਂ ਦੇ 'ਤਿਲਕ ਜੰਞੂ' ਦੀ ਰਖਿਆ ਲਈ ਕੋਈ ਤਦਬੀਰ ਸੋਚ ਰਹੇ ਸਨ, ਗੁਰੂ ਗੋਬਿੰਦ ਸਿੰਘ ਜੀ ਨੇ ਇਸ ਡੂੰਘੀ ਸੋਚ ਵਿਚਾਰ ਦਾਂ ਕਾਰਨ ਪੁਛਿਆ । ਜਿਸ ਤੇ ਆਪ ਨੇ ਦਸਿਆ ਕਿ ਸਾਰੇ ਦੇਸ ਵਿਚ ਹਿੰਦੂਆਂ

ਨੂੰ ਜ਼ੋਰੋ ਜ਼ੋਰੀ ਤੁਰਕ ਬਣਾਇਆ ਜਾਂਦਾ, ਜਾਂ ਕਤਲ ਕੀਤਾ ਜਾ ਰਿਹਾ ਹੈ, ਤੇ ਸਦੀਆਂ ਤੋਂ ਗੁਲਾਮੀ ਨਾਲ ਸਹਿਮੀ ਹੋਈ ਪ੍ਰਜਾ ਵਿਚ ਹਾਕਮਾਂ ਨਾਲ ਲੜਨ ਦੀ ਸੱਤਾ ਨਹੀਂ ਰਹੀ ਹੈ। ਇਸ ਸਮੇਂ ਕਿਸੇ ਮਹਾਂ ਪੁਰਖ ਧਰਮੀ ਪਵਿਤ੍ਰ ਆਤਮਾਂ ਦੇ ਬਲੀਦਾਨ ਦੀ ਲੋੜ ਹੈ। ਜਿਸ ਦੀ ਕੁਰਬਾਨੀ ਦੇ ਸਦਕੇ ਇਹਨਾਂ ਦੀ ਮਰ ਚੁੱਕੀ ਆਤਮਾਂ ਵਿਚ ਸੂਰਬੀਰਤਾ (ਜੁੰਬਸ਼) ਆ ਜਾਵੇ ਤੇ ਸਵੈਰਖਿਆ ਦੇ ਯੋਗ ਹੋ ਸਕਣ। (ਗੁਰੂ) ਗੋਬਿੰਦ ਸਿੰਘ ਜੀ ਨੇ ਆਖਿਆ ਪਿਤਾ ਜੀ ! ਆਪ ਤੋਂ ਵੱਧ ਇਸ ਸਮੇਂ ਇਤਨੇ ਗੁਣਾਂ ਵਾਲਾ ਹੋਰ ਕੌਣ ਹੈ ? ਆਪ ਹੀ 'ਗੁਰੂ ਨਾਨਕ' ਜੀ ਦੀ ਗੁਰ ਗਦੀ ਤੇ ਬ੍ਰਿਜਮਾਨ ਹੋ, ਇਸ ਲਈ ਧਰਮ ਰਖਿਆ ਦੀ ਜ਼ਿੰਮੇਵਾਰੀ ਵੀ ਆਪ ਤੇ ਹੀ ਆਉਂਦੀ ਹੈ। ਸੋ ਇਨ੍ਹਾਂ ਦੁਖੀਆਂ ਦਰ ਆਇਆਂ ਦੀ ਜਿਵੇਂ ਹੋਵੇ ਸਹਾਇਤਾ ਕਰੀਏ।

ਅਪਣੇ ਨੌਂ ਸਾਲ ਦੇ ਨੌਨਿਹਾਲ ਪਾਸੋਂ ਇਹ ਗਲ ਸੁਣ ਕੇ ਗੁਰੂ ਜੀ ਨੇ ਹੈਰਾਨ ਕੀ ਹੋਣਾ ਸੀ ? ਸਗੋਂ ਵਧੇਰੇ ਪ੍ਰਪੱਕ ਨਿਸ਼ਚਾ ਹੋ ਗਿਆ ਕਿ ਇਹਨਾਂ ਅੰਦਰ ਜੇਹੜੀ ਰੱਬੀ ਜੋਤ ਵਰਤਦੀ ਹੈ ਇਹਦੇ ਆਸਰੇ ਇਹ ਅਟੱਲ ਵਿਸ਼ਵਾਸ਼ੀ, ਧਰਮੀ, ਤੇ ਅਜਿਤ ਸਾਬਤ ਹੋਣਗੇ ਅਤੇ ਸਾਡੇ 'ਗੁਰੂ ਨਾਨਕ ਮਾਰਗ' ਸਿਖ ਧਰਮ ਨੂੰ ਚਾਰ ਚੰਨ ਲਾਉਣਗੇ। ਉਸ ਵੇਲੇ ਗੁਰੂ ਜੀ ਨੇ ਉਹਨਾਂ ਪੰਡਤਾਂ ਨੂੰ ਸਭ ਕੁਝ ਸਮਝਾ ਦਿਤਾ ਕਿ ਤੁਰਕ ਬਾਦਸ਼ਾਹ ਨੂੰ ਜਾ ਕੇ ਉਹ ਕੀ ਆਖਣ ? ਸੋ ਪੰਡਿਤਾਂ ਨੇ ਵੀ ਸਾਰੀ ਗਲ ਜਦੋਂ ਬਾਦਸ਼ਾਹ ਨੂੰ ਦੱਸ ਦਿਤੀ ਤਾਂ ਉਸ ਨੇ ਗੁਰੂ ਜੀ ਨੂੰ ਫੜ ਮੰਗਵਾਉਣ ਲਈ ਹੁਕਮ ਜਾਰੀ ਕਰ ਦਿਤਾ ਸੀ।

ਇਧਰ ਤੋਂ ਗੁਰੂ ਜੀ ਧਰਮ, ਕਰਮ ਤੇ ਜੱਤ ਸੱਤ ਵਿਚ ਦ੍ਰਿੜ ਰਹਿਣ ਦੇ ਸਿਖਿਆ ਭਰੇ ਬਚਨ ਆਪਣੇ ਸਾਹਿਬਜ਼ਾਦੇ ਅਤੇ ਸਿੱਖ ਸੰਗਤਾਂ ਨੂੰ ਸੁਣਾ ਕੇ ਤੁਰੇ, ਤੇ ਰਾਹ ਦੀਆਂ ਸੰਗਤਾਂ ਨੂੰ 'ਧਰਮ ਪ੍ਰਚਾਰ' ਰਾਹੀਂ ਕ੍ਰਿਤਾਰਥ ਕਰਦੇ ਹੋਇ ਆਗਰੇ ਪੁੱਜੇ। ਖਬਰ ਹੋਣ ਤੇ ਔਰੰਗਜ਼ੇਬ ਦੇ ਹੁਕਮ ਨਾਲ ਫੜ ਕੇ ਪੰਜਾਂ ਹੋਰ ਸਿੱਖਾਂ ਸਮੇਤ ਦਿਲੀ ਲਿਆਂਦੇ, ਅਤੇ ਕੈਦ ਕਰਕੇ ਕਈ ਤਰ੍ਹਾਂ ਦੇ ਦੁੱਖ ਤਸੀਹੇ ਦੇਂਦੇ ਇਨ੍ਹਾਂ ਨੂੰ ਤੁਰਕ ਹੋਣ ਲਈ ਲਾਚਾਰ ਕੀਤਾ ਗਿਆ। ਪਰ ਗੁਰੂ ਜੀ ਨੇ ਉਹਨਾਂ ਦੀ ਮੂਰਖਤਾ ਭਰੀ ਗੱਲ, ਦੁੱਖ ਕਲੇਸ਼ਾਂ ਤੋਂ ਡਰ ਕੇ ਕੀ ਮੰਨਣੀ ਸੀ ? ਸਗੋਂ ਮਿਤ੍ਰਤਾਈ ਅਤੇ ਪਿਆਰ ਭਰੇ ਬਚਨਾਂ ਨਾਲ ਉਹਨਾਂ ਨੂੰ ਰੋਕਦੇ ਰਹੇ ਕਿ ਇਸ ਤਰ੍ਹਾਂ ਦਾ ਜ਼ੁਲਮ ਅਤੇ ਜਬਰ 'ਕੁਰਾਨ ਸ਼ਰੀਫ਼' ਦੇ ਹੁਕਮ ਅਤੇ ਮੁਸਲਮਾਨੀ ਸ਼ਰਾ ਦੇ ਉਲਟ ਹੈ। ਪਰ ਮਜ਼੍ਹਬੀ ਜੋਸ਼ ਅਤੇ ਹੁਕਮ ਹਾਸਲ ਵਿਚ ਅੰਧੇ ਹੋਇਆਂ ਨੇ ਇਕ ਨਾ ਸੁਣੀ ਸੀ। ਸਗੋਂ ਵਧੇਰੇ ਤੰਗ ਕਰਨਾ ਸ਼ੁਰੂ ਕੀਤਾ, ਅਤੇ ਨਾਲ ਦੇ ਇਕ ਪ੍ਰੇਮੀ ਸਿੱਖ ਭਾਈ ਦਿਆਲਾ ਨੂੰ ਦੇਗੇ ਵਿਚ ਉਬਾਲ ਕੇ ਮਾਰਿਆ ਤੇ ਦੂਜੇ ਭਾਈ ਮਤੀ ਦਾਸ ਜੀ ਨੂੰ ਲਕੜ ਦੇ ਫਟਿਆਂ ਵਿਚ ਜਕੜ ਕੇ ਗੁਰੂ ਜੀ ਦੇ ਸਾਹਮਣੇ ਆਰੇ ਨਾਲ ਚੀਰ ਦਿਤਾ ਸੀ।

ਹੁਣ ਗੁਰੂ ਜੀ ਨੇ ਜਦੋਂ ਆਪਣਾ ਵੀ ਅੰਤ ਸਮਾਂ ਨੇੜੇ ਆਇਆ ਜਾਣਿਆ ਤਾਂ ਇਕਲੌਤੇ ਸਾਹਿਬਜ਼ਾਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਖੀਰ ਦੇ ਸ਼ਲੋਕਾਂ ਨਾਲ ਇਹ ਵਖਰਾ ਦੋਹਿਰਾ ਭੀ ਲਿਖ ਭੇਜਿਆ :—

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ।
ਕਹੁ ਨਾਨਕ ਅਬ ਓਟ ਹਰਿਗਜਿ ਜਿਉ ਹੋਹੁ ਸਹਾਇ।

ਇਸ ਦੋਹਰੇ ਨੂੰ ਗੁਰੂ ਦਸਮੇਸ਼ ਨੇ ਪਿਤਾ ਜੀ ਵਲੋਂ ਪ੍ਰੀਖਿਆ ਦਾ ਪ੍ਰਚਾ ਪਿਆ ਜਾਣਿਆਂ, ਤਾਂ ਉਤਰ ਵਿਚ ਛੋਟੇ ਛੋਟੇ ਹੱਥਾਂ ਨਾਲ ਅਗਲਾ ਵਾਕ ਇਉਂ ਲਿਖ ਭੇਜਿਆ :—

"ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ।
ਨਾਨਕ ਸਭ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਏ।"

ਇਹ ਉੱਤਰ ਆਇਆ, ਪੜ੍ਹ ਕੇ ਨੌਵੇਂ ਪਾਤਸ਼ਾਹ ਨੇ ਇਨ੍ਹਾਂ ਨੂੰ ਬ੍ਰਹਮ ਦ੍ਰਿਸ਼ਟੀ ਵਿਚ ਰਤਿਆ ਜਾਣਿਆ, ਤਾਂ ਪਿਛੋਂ ਦੇ ਸਮੇਂ ਨੂੰ ਸੰਭਾਲਣ ਲਈ 'ਪੂਰਨ ਗੁਰੂ' ਸਮਰਥ ਸਮਝਦੇ ਹੋਏ ਇਨ੍ਹਾਂ ਨੂੰ ਗੁਰਿਆਈ ਦਾ ਤਿਲਕ ਲੈ ਲੈਣ ਦੀ ਆਗਿਆ ਕਰ ਭੇਜੀ, ਅਤੇ ਇਧਰ ਕਈ ਤਰ੍ਹਾਂ ਦੇ ਤਸੀਹੇ ਦੇਣ ਮਗਰੋਂ ਵੀ ਔਰੰਗਜ਼ੇਬ ਜਦੋਂ 'ਗੁਰੂ ਤੇਗ ਬਹਾਦਰ' ਜੀ ਨੂੰ ਮੁਸਲਮਾਨ ਬਨਾਣ ਵਿਚ ਸਫਲ ਨਾ ਹੋ ਸਕਿਆ ਸੀ, ਤਾਂ ਭਰੇ ਦੁਪੈਹਰੇ ਕੁਤਵਾਲੀ ਦੇ ਨੇੜੇ ਚਾਂਦਨੀ ਚੌਕ ਬਜ਼ਾਰ ਵਿਚ ਤਲਵਾਰ ਦੇ ਇਕੋ ਵਾਰ ਨਾਲ ਸ਼ਹੀਦ ਕਰਵਾ ਦਿਤਾ। ਨਾਲ ਹੀ ਦਿਲੀ ਨਿਵਾਸੀ ਸਿੱਖਾਂ ਦਾ ਜਿਗਰਾ ਪਰਖਨ ਲਈ ਇਹ ਵੀ ਸੁਣਾਇਆ, ਕਿ ਗੁਰੂ ਦੇ ਮੁਰਦਾ ਸਰੀਰ ਨੂੰ ਉਹਨਾਂ ਦਾ ਕੋਈ ਸਿੱਖ ਹੈ ਤਾਂ ਉਠਾ ਕੇ ਲੈ ਜਾਏ! ਤਾਂ ਡਰ ਦੇ ਮਾਰੇ ਕੋਈ ਸਿੱਖ ਸਾਹਮਣੇ ਨ ਆਇਆ ਪਰ ਗੁਰੂ ਜੀ ਨੇ ਆਪਣੇ ਇਸ ਵਾਕ ਨੂੰ ਸਤ ਕਰ ਵਖਾਇਆ ਸੀ ;-

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।"

ਇਹ ਸਾਕਾ ਵਰਤਣ ਸਮੇਂ ਹਾਹਾਕਾਰ ਮੱਚ ਗਈ। ਧਰਤੀ ਕੰਬੀ, ਅੰਧੇਰੀ ਦਾ ਤੂਫ਼ਾਨ ਵੀ ਆਇਆ। ਅੰਧੇਰੀ ਦੇ ਕਾਰਨ ਘੱਟਾ ਉਡਿਆ ਤਾਂ ਇਸ ਸਮੇਂ ਇਕ ਭਾਈ ਜੀਵਨ ਸਿੰਘ ਰੰਗਰੇਟੇ, (ਮਜ਼ਹਬੀ) ਸਿੰਘ ਨੇ ਜੋ ਅਨੰਦਪੁਰ ਤੋਂ ਸਾਰੀ ਗਲ ਬਾਤ ਦੇਖਣ ਸੁਨਣ ਲਈ ਹੀ ਭੇਜਿਆ ਗਿਆ ਸੀ, ਇਸ ਨੇ ਦਾਉ ਲੱਭ ਕੇ ਗੁਰੂ ਜੀ ਦੇ ਸੀਸ ਨੂੰ ਚੱਦਰ ਵਿਚ ਵਲੇਟਿਆ, ਤੇ ਅਨੰਦਪੁਰ ਦੇ ਰਾਹੇ ਪੈ ਗਿਆ ਸੀ। ਪਿਛੇ ਰਹੇ ਸਰੀਰ ਨੂੰ ਰਾਤ ਦੇ ਅੰਧੇਰੇ ਵਿਚ ਇਕ ਲੁਬਾਣਾ ਸਿੱਖ ਗੱਡੇ ਵਿਚ ਲੁਕਾ ਕੇ ਦਿਲੀ ਦੇ ਸ਼ਹਿਰ ਦੇ ਪੱਛਮ ਵੱਲ ਆਪਣੇ ਪਿੰਡ 'ਰਕਾਬ ਗੰਜ' ਲੈ ਗਿਆ। ਇਥੇ ਆਪਣੇ ਮਕਾਨ ਵਿਚ ਰਖ ਕੇ ਇਸ ਨੇ ਇਸ ਬਹਾਨੇ ਨਾਲ ਅੱਗ ਲਗਾ ਕੇ ਸਸਕਾਰ ਕਰ ਦਿਤਾ ਸੀ ਕਿ ਮੇਰਾ ਮਕਾਨ ਸੜ ਗਿਆ ਹੈ—

ਭਾਈ ਜੀਵਨ ਸਿੰਘ ਨੇ ਜਦੋਂ ਗੁਰੂ ਜੀ ਦਾ ਸੀਸ ਲੈ ਕੇ ਰਾਹ ਵਿਚ ਕਈ ਥਾਂਈਂ ਮੁਕਾਮ ਕਰਦਿਆਂ ਕੀਰਤਪੁਰ ਪੁੱਜ ਕੇ ਸ੍ਰੀ ਅਨੰਦ ਪੁਰ ਪਤਾ ਕਰਾਇਆ ਸੀ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਨੰਗੇ ਪੈਰੀਂ ਸੰਗਤ ਸਣੇ 'ਕੀਰਤਪੁਰ ਆ ਕੇ ਸੀਸ ਦਾ ਸਤਿਕਾਰ ਕੀਤਾ, ਅਤੇ ਪਾਲਕੀ ਵਿਚ ਰਖਾ ਕੇ ਸ਼ਬਦ ਚੌਂਕੀ ਕਰਦਿਆਂ ਅਨੰਦਪੁਰ ਲੈ ਜਾਕੇ ਸਸਕਾਰ ਕਰਾਇਆ।

**ਨੋਟ**—ਜਿਥੇ ਕਿ ਹੁਣ ਉਸ ਯਾਦਗਾਰ ਵਿਚ 'ਸੀਸ ਗੰਜ' ਗੁਰਦਵਾਰਾ ਕਾਇਮ ਹੈ।

ਗੁਰੂ ਗੋਬਿੰਦ ਸਿੰਘ ਜੀ ਦਿਲੀ ਨਿਵਾਸੀ ਸਿੱਖਾਂ ਦੀ ਇਸ ਕਮਜ਼ੋਰੀ ਤੇ ਬੇ-ਬਸੀ ਨੂੰ ਸੁਣ ਕੇ ਬਹੁਤ ਉਦਾਸ ਹੋਏ। ਤੇ ਬਹੁਤੀ ਸੋਚ ਵਿਚਾਰ ਮਗਰੋਂ ਇਸ ਸਿੱਟੇ ਤੇ ਪੁੱਜੇ ਕਿ ਗੁਰਸਿੱਖਾਂ ਨੂੰ ਅਗੋਂ ਲਈ ਐਸੇ ਰੰਗ ਰੂਪ, ਪੁਸ਼ਾਕੇ ਤੇ ਬੀਰ ਰਸ ਉਪਦੇਸ਼ ਅੰਦਰ ਢਾਲਣਾ ਚਾਹੀਏ ਜਿਸ ਤੋਂ ਕੋਈ ਵੀ ਸਿੱਖ 'ਗੁਰੂ ਨਾਨਕ ਨਾਮ ਲੇਵਾ' ਭਾਵੇਂ ਲੱਖਾਂ ਵਿਚ ਬੈਠਾ ਹੋਵੇ; ਭਿੰਨ ਪ੍ਰਤੀਤ ਹੋਵੇ ਅਤੇ ਸਾਫ਼ ਸਾਫ਼ ਦਿਸ ਆਵੇ। ਸੋ ਗੁਰੂ ਜੀ ਨੇ ਐਸਾ ਹੀ ਕੀਤਾ, ਜੋ ਅੰਮ੍ਰਿਤ ਛਕਾ ਕੇ ਚੌਹਾਂ ਵਰਨਾਂ ਅਤੇ ਸਾਰੇ ਦੂਜੇ ਧਰਮਾਂ ਮੱਤਾਂ ਥੀਂ ਨਿਆਰਾ ਹੀ 'ਖਾਲਸਾ ਪੰਥ' ਸਾਜਿਆ।

ਜਦੋਂ ਬਾਬਾ ਜੀ ਨੇ ਐਨਾ ਸੁਣਾਇਆ ਤਾਂ ਸਾਹਿਬਜ਼ਾਦੇ ਨੇ ਪੁਛਿਆ—ਜੀਆ ਜੀ! ਉਹ ਕਿਵੇਂ? ਤਾਂ ਉੱਤਰ ਵਿਚ ਬਾਬਾ ਜੀ ਨੇ ਦਸਿਆ, ਕਿ ਆਪਣੇ 'ਪਿਤਾ ਸਤਿਗੁਰੂ' ਜੀ ਦੇ ਸਸਕਾਰ ਮਗਰੋਂ ਗੁਰੂ ਜੀ ਬਹੁਤਾ ਚਿਤ ਨਿੱਕੀ ਉਮਰ ਤੋਂ ਹੀ ਪੰਥ ਉਸਾਰੀ ਦੀਆਂ ਇਨ੍ਹਾਂ ਸੋਚਾਂ ਅੰਦਰ ਮਗਨ ਰਹਿੰਦੇ ਰਹੇ ਅਤੇ ਦਿਲ ਦਾ ਭੇਤ ਕਿਸੇ ਨੂੰ ਨਾ ਦਸਦੇ। ਫੇਰ ਕਈ ਸਾਲ ਧਰਮ ਪੁਸਤਕਾਂ ਲਿਖਾਂਦੇ ਤੇ ਸਿੱਖਾਂ ਨੂੰ ਸ਼ਿਕਾਰ ਖਿਡਾਂਦੇ, ਬੀਰ ਰਸ ਵਿਚ ਢਾਲਦੇ ਰਹੇ। ਓੜਕ ੧੭੫੬ ਦੀ ਵੈਸਾਖੀ ਸਮੇਂ ਹੁਕਮ ਨਾਮੇ ਭੇਜ ਕੇ

ਸਾਰੇ ਦੇਸ਼ ਦੇ ਮਸੰਦਾਂ, ਸੰਤਾਂ, ਮਹੰਤਾਂ, ਗੁਰ ਅੰਸ਼ਾਂ ਅਤੇ ਸਿੱਖ ਸੰਗਤਾਂ ਨੂੰ ਬੁਲਾ ਕੇ ਭਾਰੀ ਦੀਵਾਨ ਸਜਾਇਆ। ਇਸ ਸਮੇਂ ਮੇਰੇ ਪੂਜਯ ਪਿਤਾ ਬਾਬਾ 'ਕਲਾ ਧਾਰੀ' ਜੀ ਮੈਨੂੰ ਵੀ ਮੇਲਾ ਵਿਖਾਉਣ ਲਈ ਆਪਣੇ ਨਾਲ 'ਅਨੰਦ ਪੁਰ' ਲੈ ਗਏ ਸਨ, ਜਦੋਂ ਕਿ ਮੇਰੀ ਆਯੂ ਮਸਾਂ ਅਜੇ ੬-੭ ਸਾਲਾਂ ਦੀ ਹੈਗੀ ਸੀ, ਪਰ ਅਖੀਂ ਵੇਖਿਆ ਸੀ, ਐਸਾ ਯਾਦ ਹੈ-

ਵਸਾਖੀ ਦੇ ਦਿਨ ਦੀਵਾਨ ਸਜਿਆ ਸੀ ਅਚਾਨਕ ਹੀ ਗੁਰੂ ਜੀ ਮਿਆਨੋਂ ਕਿਰਪਾਨ ਖਿੱਚ ਕੇ ਚਮਕਾਉਂਦੇ ਹੋਏ ਇਉਂ ਫੁਰਮਾਇਆ-"ਕੋਈ ਐਸਾ ਸਿੱਖ ਹੈ! ਜੋ ਆਪਣਾ ਸੀਸ ਮੈਨੂੰ ਦੇਵੇ ?" ਅਤੇ ਗੁਰੂ ਨਾਮ ਉਤੇ ਜ਼ਿੰਦਗੀ ਕੁਰਬਾਨ ਕਰੇ ? ਤਦੋਂ ਪਹਿਲੇ ਤਾਂ ਸੰਗਤ ਵਿਚ ਹੈਰਾਨੀ ਵਰਤ ਗਈ, ਕਿ ਇਹ ਕੀ ਹੋਣ ਲਗਾ ਹੈ ? ਪਰ ਇਕ ਪ੍ਰੇਮੀ ਸਿਖ 'ਦਯਾ ਰਾਮ' ਖਤ੍ਰੀ ਲਾਹੌਰ ਦਾ ਸਨਮੁਖ ਹੋਇਆ ਜਿਸ ਨੂੰ ਅੰਦਰ ਲਿਜਾ ਕੇ ਗੁਰੂ ਜੀ ਨੇ ਕਿਰਪਾਨ ਨਾਲ ਉਹਦਾ ਸਿਰ ਲਾਹ ਸੁਟਿਆ। ਖੜਾਕ ਹੋਇਆ ਤੇ ਲਹੂ ਦੀ ਧਾਰ ਵਹਿ ਤੁਰੀ। ਜੋ ਦੀਵਾਨ ਅਸਥਾਨ ਦੇ ਨਾਲ ਹੀ ਸੀ। ਬਾਹਰ ਆ ਕੇ ਗੁਰੂ ਜੀ ਨੇ ਫੇਰ ਉੱਚੀ ਬੋਲ ਬੋਲ ਕੇ ਚਾਰ ਵੇਰ ਇਸੇ ਤਰ੍ਹਾਂ ਦੀ ਮੰਗ ਕੀਤੀ, ਜਿਸ ਤੇ ਧਰਮ ਦਾਸ, ਹਿੰਮਤ ਚੰਦ, ਮੋਹਕਮ ਚੰਦ ਅਤੇ ਸਾਹਿਬ ਚੰਦ ਆਦਿਕ ਚਾਰ ਸਿੱਖ ਵਾਰੋ ਵਾਰੀ ਹੋਰ ਨਿਤਰੇ, ਤਾਂ ਇਨ੍ਹਾਂ ਨਾਲ ਵੀ ਉਹੀ ਵਰਤਾਰਾ ਵਰਤਾਇਆ ਗਿਆ ਸੀ।

ਗੁਰੂ ਦਸਮੇਸ਼ ਜੀ ! ਜੋ ਅਕਾਲ ਪੁਰਖ ਪਾਸੋਂ ਬੇਅੰਤ ਸ਼ਕਤੀਆਂ ਅਤੇ ਆਗਿਆ ਪਾ ਕੇ ਪੰਥ ਚਲਾਉਣ ਨੂੰ ਆਏ ਸਨ, ਉਹਨਾਂ ਪੰਜਾਂ ਦੇ ਸਿਰਾਂ ਨੂੰ ਧੜਾਂ ਨਾਲ ਜੋੜ, ਅਕਾਲ ਪੁਰਖ ਪਿਤਾ ਦੇ ਨਾਮ ਦੀ ਬਰਕਤ ਨਾਲ ਮੁੜ ਸੁਰਜੀਤ ਕਰਕੇ 'ਆਤਮਾ ਅਮਰ ਹੈ' ਅਤੇ ਸਰੀਰ ਦੇ ਮੋਹ ਤੋਂ ਉਚੇਰੇ ਹੋ ਕੇ ਕਿਵੇਂ ਗੁਰੂ ਦੇ ਹੁਕਮ ਵਿਚ ਪਰਵਾਨ ਚੜ੍ਹੀ ਦਾ ਹੈ—ਪ੍ਰਤੱਖ ਸਿੱਖ ਸੰਗਤਾਂ ਨੂੰ ਸਿਖਾਉਣਾ ਕੀਤਾ।

ਸਾਹਿਬਜ਼ਾਦੇ ਸ੍ਰੀ ਸਾਹਿਬ ਸਿੰਘ ਜੀ ਨੇ ਇਹ ਪ੍ਰਸੰਗ ਸੁਣਿਆ ਤਾਂ ਪ੍ਰੇਮ ਨਾਲ ਨੇਤਰ ਭਰ ਆਏ, ਅਤੇ ਪੁਛਿਆ—ਜੀਆ ਜੀ ! ਫੇਰ ਕੀ ਹੋਇਆ ? ਬਾਬਾ ਅੰਜੀਤ ਸਿੰਘ ਜੀ ਨੇ ਫੁਰਮਾਇਆ ਕਿ ਉਪ੍ਰੰਤ ਗੁਰੂ ਜੀ ਨੇ ਉਹਨਾਂ ਨੂੰ ਅਸ਼ਨਾਨ ਕਰਾਇ, ਨਵੀਨ ਬਸਤ੍ਰ ਪਵਾਏ, ਦਸਤਾਰ ਸਜਾਏ, ਕੜੇ ਕਛੈਹਰੇ ਅਤੇ ਕਿਰਪਾਨਾਂ ਧਾਰਨ ਕਰਾ ਕੇ ਇਕੋ ਰੰਗ ਰੂਪ ਵਿਚ ਸੰਗਤ ਦੇ ਸਾਹਵੇਂ ਲਿਆਂਦਾ। ਤਦ ਸੰਗਤ ਹੈਰਾਨ ਹੋ ਗਈ। ਡਰ ਦੇ ਮਾਰੇ ਜਿਹੜੇ ਨਸ ਭੱਜ ਗਏ ਸਨ, ਉਹ ਭੀ ਆਨ ਹਾਜ਼ਰ ਹੋਏ, ਤੇ ਦੀਵਾਨ ਫੇਰ ਭਰਪੂਰ ਹੋ ਗਿਆ ਸੀ।

ਹੁਣ ਗੁਰੂ ਜੀ ਨੇ ਅੰਮ੍ਰਿਤ ਤਿਆਰ ਕਰਕੇ ਇਹਨਾਂ ਨੂੰ ਛਕਾਇਆ। 'ਗੁਰਮੰਤ੍ਰ ਉਪਦੇਸ਼' ਅਤੇ ਰਹਿਤਾਂ ਕੁਰਹਿਤਾਂ ਦਾ ਨਿਰਨਾ ਸੁਣਾ ਕੇ ਇਨ੍ਹਾਂ ਦਾ ਨਾਮ ਦਸਦੇ ਹੋਇ ਦਯਾ ਰਾਮ ਤੋਂ ਭਾਈ ਦਿਆ ਸਿੰਘ, ਧਰਮ ਦਾਸ ਦਾ ਭਾ: ਧਰਮ ਸਿੰਘ, ਹਿੰਮਤ ਚੰਦ ਦਾ ਹਿੰਮਤ ਸਿੰਘ, ਮੋਹਕਮ ਚੰਦ ਦਾ ਮੋਹਕਮ ਸਿੰਘ, ਅਤੇ ਸਾਹਿਬ ਚੰਦ ਦਾ ਸਾਹਿਬ ਸਿੰਘ ਉਚਾਰਨ ਕਰਕੇ ਪੰਜਾਂ ਨੂੰ ਅਪਣੇ 'ਪੰਜ ਪਿਆਰੇ' ਹੋਣ ਦਾ ਮਾਨ ਬਖਸ਼ਿਆ, ਅਤੇ ਸੰਗਤਾਂ ਪ੍ਰਥਾਏ ਉੱਚੀ ਆਖ ਸੁਣਾਇਆ ਸੀ—

ਪੰਚਾਂ ਮੈ ਵਰਤਤ ਨਿੱਤ ਮੈਂ ਹੂੰ, ਪੰਜ ਮਿਲਹਿ ਸੋ ਪੀਰਨ ਪੀਰ।

(ਸੂਰਜ ਪ੍ਰਕਾਸ਼)

ਇਉਂ ਆਖ ਕੇ ਫੇਰ ਆਪ ਜੀ ਨੇ ਉਹਨਾਂ ਪਾਸੋਂ ਅੰਮ੍ਰਿਤ ਦੀ ਮੰਗ ਕਰਕੇ ਉਸੇ ਤਰ੍ਹਾਂ ਹੀ ਛਕਣਾ ਕੀਤਾ। ਉਪਦੇਸ਼ ਵੀ ਸੁਣੇ, ਜਿਵੇਂ ਸੁਣਾਏ ਸਨ, ਅਤੇ ਗੋਬਿੰਦ ਦਾਸ' ਥੀਂ ਗੋਬਿੰਦ ਸਿੰਘ ਖਾਲਸਾ ਰੂਪ ਹੋਏ। ਇਉਂ ਗੁਰੂ ਚਲੇ ਦੀ ਸਧ ਮਿਲਾਂਦੇ ਹੋਇ ਚਾਰੇ ਵਰਨਾਂ ਦਾ ਭੇਦ ਮਿਟਾ ਕੇ 'ਖਾਲਸਾ ਪੰਥ' ਸਾਜਿਆ ਤੇ ਨੀਚਾਂ ਨੂੰ ਉਚ ਬਣਾਇਆ ਸੀ।

ਬਾਬਾ ਜੀ ਨੇ ਦਸਿਆ ਕਿ ਇਸ ਸਮੇਂ ਕਈ ਹਜ਼ਾਰ ਹੋਰ ਮੋਨੇ ਸਿੱਖ ਵੀ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਸਨ, ਜਿਸ ਤੋਂ ਪ੍ਰਭਾਵਤ ਹੋ ਕੇ ਸਾਡੇ ਪਿਤਾ ਜੀ ਨੇ ਮੈਨੂੰ ਵੀ ਅੰਮ੍ਰਿਤ ਦੀ ਦਾਤ ਦਿਲਾ ਕੇ 'ਅਜੀਤ ਰਾਇ' ਤੋਂ ਅਜੀਤ ਸਿੰਘ ਬਣਾ ਦਿਤਾ ਤੇ ਨਾਲ ਹੀ ਮੇਰੇ ਲਈ ਅਸੀਸ ਵੀ ਚਾਹੀ ਕਿ ਮੈਂ ਅਪਣੇ ਵਡਿਆਂ ਦੇ ਪੂਰਨਿਆਂ ਤੇ ਚਲਣ ਵਾਲਾ ਧਰਮੀ ਹੋਵਾਂ। ਸੋ ਗੁਰੂ ਗੋਬਿੰਦ ਸਿੰਘ ਜੀ ਨੇ, ਜੋ ਇਸ ਸਮੇਂ ਬੇਦੀ ਬੰਸ, ਗੁਰੂ ਅੰਸ ਦੇ ਸਾਹਿਬਜ਼ਾਦੇ ਨੂੰ ਪਹਿਲੀ ਵੇਰ ਅੰਮ੍ਰਿਤ ਬਖਸ਼ ਕੇ ਸਿੰਘ ਸਜਾ ਰਹੇ ਸਨ, ਬਹੁਤ ਪ੍ਰਸੰਨ ਮੁਖ ਹੁੰਦੇ ਹੋਇ ਮੇਰ ਪ੍ਰਥਾਏ ਫਰਮਾਇਆ ਸੀ–'ਇਹ ਆਪ ਤਾਂ ਵਡਿਆਂ ਦੀ ਚਾਲੀ ਚਲਨ ਵਾਲਾ ਧਰਮੀ ਹੋਵਗਾ. ਪਰ ਸਮਾਂ ਪਾ ਕੇ ਇਹਦੇ ਘਰ ਹੋਣ ਵਾਲਾ ਸ਼ਹਿਜ਼ਾਦਾ ਵਡਾ ਪ੍ਰਤਾਪੀ, ਮਹਾਂ ਪੁਰਖ, ਰਾਜ ਯਗੀ, ਸੂਰਬੀਰ ਯੋਧਾ ਹੋਵੇਗਾ, ਅਤੇ ਲੋਕੀ ਉਹਨੂੰ ਗੁਰੂ ਸਮਾਨ ਪੂਜਨਗੇ।'' ਇਹ ਮੇਰੇ ਪਿਤਾ ਜੀ ਨੇ ਦਸਿਆ ਸੀ; ਕਿਉਂਕਿ ਮੇਰੀ ਆਯੂ ਬਹੁਤ ਛਟੀ ਸੀ। ਸੋ ਉਸ 'ਗੁਰੂ ਦਸਮੇਸ਼' ਦੇ ਵਰਦਾਨ ਦੇ ਸਦਕ ਹੀ ਸਿੱਤਾਂ ਸਿੱਕਦਿਆਂ ਦੇ ਘਰ ਤੁਹਾਡਾ ਜਨਮ ਹੋਇਆ ਹੈ; ਅਤੇ ਹੋਰ ਵੀ ਉਹਨਾਂ ਦ 'ਵਰਦਾਨ' ਤ ਆਸ਼ਾ ਹੈ; ਛੇਤੀ ਹੀ ਪੂਰੇ ਹੋਣਗੇ।

ਇਹ ਬਚਨ ਸੁਣੇ; ਤਾਂ ਸਜੱਲ ਨੇਤ੍ਰੀਂ 'ਸਾਹਿਬਜ਼ਾਦੇ ਸਾਹਿਬ ਸਿੰਘ ਨੇ ਪੁਛਿਆ; ਜੀਆ ਜੀ! ਅੰਮ੍ਰਿਤ ਕਿਵੇਂ ਤਿਆਰ ਕੀਤਾ; ਤੇ ਛਕਾਇਆ ? ਅਤੇ ਛਕਣ ਵਾਲਿਆਂ ਵਿਚ ਕੀ ਕੀ ਗੁਣ ਤਦ ਵਾਪਰੇ ਸੀ ? ਬਾਬਾ ਜੀ ਨੇ ਕਿਹਾ—ਇਸ ਰੀਤੀ ਨੂੰ ਤੁਸੀਂ ਆਪ ਛਕੋਗੇ ਤਾਂ ਜਾਣ ਸਕੋਗੇ. ਪਰ ਛੱਕਨ ਵਾਲਿਆਂ ਵਿਚ ਅਨੇਕਾਂ ਗੁਣ ਆਨ ਵਸਦੇ ਹਨ। ਜਿਸ ਤੋਂ ਆਤਮਾਂ ਨਿਰਮਲ; ਮੱਤ ਉੱਚੀ; ਬਲਵਾਨ ਤੇ ਉਦਾਰ ਹੋ ਜਾਂਦੀ ਹੈ; ਅਤੇ ਅੰਮ੍ਰਿਤਧਾਰੀ, ਸਿੱਖ ਅਕੱਲਾ ਹੀ; ਹਜ਼ਾਰਾਂ ਲੱਖਾਂ ਦੁਸ਼ਮਨਾਂ ਸਾਹਮਣੇ ਅੜ ਜਾਨ ਵਿਚ; ਅਤੇ ਅਪਣੇ ਨਿਯਮ ਧਰਮ ਨੂੰ ਕਾਇਮ ਰਖਨ ਲਈ ਜੂਝਨ ਮਰਣ ਵਿਚ ਰੱਤੀ ਭਰ ਝਿਜਕ ਪ੍ਰਤੀਤ ਨਹੀਂ ਕਰਦਾ। ਕਿਉਂਕਿ ਸਤਿਗੁਰੂ ਨੇ ਪੂਰਨ ਨਿਸ਼ਚੇ ਨਾਲ, ਭਰੋਸਾ ਭਰੇ ਬਚਨ 'ਖਾਲਸਾ ਪ੍ਰਥਾਏ' ਇਸ ਤਰ੍ਹਾਂ ਦੇ ਉਚਾਰਨ ਕੀਤੇ ਸਨ:—

ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।
ਚਿੜੀਆਂ ਸੇ ਮੈਂ ਬਾਜ਼ ਤੁੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਗੁਰੂ ਜੀ ਨੇ ਐਸਾ ਹੀ ਕਰ ਵਿਖਾਇਆ, ਤੇ ਉਸ ਦਿਨ ਤੋਂ ਹਰ ਇਕ ਅੰਮ੍ਰਿਤਧਾਰੀ ਸਿੱਖ, ਕੇਵਲ 'ਸੰਤ' ਸੁਭਾਉ ਸਿੱਖ ਹੀ ਨਹੀਂ ਸਗੋਂ ਪਾਪ ਤੇ ਜ਼ੁਲਮ ਨੂੰ ਦੂਰ ਕਰਨ ਲਈ ਸਮੇਂ ਅਨੁਸਾਰ 'ਸਿਪਾਹੀ' ਵੀ ਬਣ ਜਾਂਦਾ ਤੇ ਸਮਾਂ ਆਉਣ ਤੇ ਐਸਾ ਹੀ ਕਈ ਵੇਰ ਹੋਇਆ ਹੈ।

ਕਿਤਨੇ ਚਿਰ ਥੀਂ ਔਰੰਗਜ਼ੇਬ ਦਾ ਇਹ ਖਿਆਲ ਸੀ ਕਿ ਦੋਹਾਂ ਥੀਂ ਇਕ ਮਜ਼੍ਹਬ ਕਰ ਦਿਤਾ ਜਾਏ; ਪਰ ਗੁਰੂ ਜੀ ਨੇ ਦੋਹਾਂ ਥੀਂ ਨਿਆਰਾ ਤੀਜਾ 'ਅਕਾਲ ਉਪਾਸ਼ਕ ਖਾਲਸਾ ਪੰਥ' ਸਾਜ ਕੇ ਮਿੱਤ੍ਰ ਭਾਵਨਾਂ ਧਾਰ ਉਸ ਨੂੰ ਆਖ ਭੇਜਿਆ ਸੀ, ਕਿ ਪਾਪ ਤੇ ਜ਼ੁਲਮ ਜਬਰ ਨੂੰ ਛੱਡ ਕੇ ਉਹ ਨੇਕ ਮੁਸਲਮਾਨ ਅਤੇ ਨੇਕ ਬਾਦਸ਼ਾਹ ਬਣਨ ਦਾ ਯਤਨ ਕਰੇ। ਪਰ ਰਾਜ ਮਦ ਵਿਚ ਮੱਤੇ ਅਤੇ ਮਜ਼੍ਹਬੀ ਤਅੱਸਬ ਵਿਚ ਭੁੱਜ ਰਹੇ ਔਰੰਗਜ਼ੇਬ ਉਤੇ ਕੋਈ ਅਸਰ ਨਾ ਹੋਇਆ ਸੀ; ਸਗੋਂ ਹਰ ਹੀਲੇ ਉਹ ਆਪਣੇ ਪੱਕੇ ਖਿਆਲਾਂ ਦੀ ਸਫਲਤਾ ਦਾ ਯਤਨ ਕਰਦਾ ਰਿਹਾ। ਉਸ ਨੇ ਗੁਰੂ ਜੀ, ਅਤੇ ਇਨ੍ਹਾਂ ਦੇ ਪੰਥ ਨੂੰ ਅਪਣੇ ਰਾਹ ਵਿਚ ਭਾਰੀ ਰੁਕਾਵਟ ਦੇਖਿਆ ਸੀ। ਤਾਂ ਹਰ ਹੀਲੇ ਇਹਨੂੰ ਦੂਰ ਕਰਨ ਲਈ ਹੁਕਮ ਜਾਰੀ ਕਰ ਦਿਤੇ। ਜਿਸ ਨਾਲ ਸ਼ਾਹੀ ਫੌਜ ਪਹਾੜੀ ਸੈਨਾਂ ਅਤੇ ਮੁਲਖਈਏ ਮੁਸਲਮਾਨਾਂ ਦੀ ਦੱਸ ਲੱਖ ਤੋਂ ਵਧੀਕ ਸੈਨਾਂ ਨੇ ਅਨੰਦਪੁਰ ਤੇ ਹੱਲਾ ਬੋਲ ਦਿਤਾ ਸੀ।

ਇਹ ਸਮਾਂ ਸਮੂੰਹ ਸਿੱਖਾਂ ਅਤੇ ਗੁਰੂ ਜੀ ਵਾਸਤੇ ਬੜਾ ਦੁਖਦਾਈ ਸੀ। ਜਦੋਂ ਬਦੀ ਤੇ

ਜ਼ੁਲਮ ਦੀਆਂ ਸਾਰੀਆਂ ਤਾਕਤਾਂ ਨੇ ਨੇਕੀ ਦੇ ਪੁੰਜ ਗੁਰੂ ਜੀ ਨੂੰ ਘੇਰੇ ਵਿਚ ਲੈ ਕੇ ਕਿਲੇ ਅੰਦਰ ਕਿਸ ਚੀਜ਼ ਦਾ ਜਾਣਾ ਵੀ ਬੰਦ ਕਰਾ ਦਿਤਾ। ਪਰ ਗੁਰੂ ਸਾਹਿਬ ਵੀ ਇਹ ਪ੍ਰਤੱਖ ਕਰਕੇ ਦਸਨਾ ਚਾਹੁੰਦੇ ਸਨ, ਕਿ ਬਦੀਆਂ ਤੇ ਜ਼ੁਲਮ ਦੀਆਂ ਤਾਕਤਾਂ, ਇਹ ਧਰਮੀਆਂ ਦੇ ਸਰੀਰਾਂ ਨੂੰ ਮਿਟਾ ਸਕਦੀਆਂ, ਪਰ ਉਹਨਾਂ ਦੀਆਂ ਨੇਕੀਆਂ, ਸ਼ੁਭ ਸੰਕਲਪ, ਉਪਕਾਰੀ 'ਅਮਰ' ਆਤਮਾਵਾਂ ਨੂੰ ਨਹੀਂ ਮਾਰ ਸਕਦੀਆਂ। ਸਗੋਂ ਸਮਾਂ ਪਾ ਕੇ ਆਪ ਮਿਟ ਜਾਂਦੀਆਂ ਹਨ। ਸੋ ਮੁਗਲਾਂ ਹਾਕਮਾਂ ਨਾਲ ਵੀ ਇਸੇ ਤਰ੍ਹਾਂ ਹੋ ਬੀਤੀ, ਅਤੇ ਧਰਮੀ ਸਤਿਗੁਰੂ ਦਾ ਖਾਲਸਾ ਪੰਥ ਅਤੇ ਧਰਮ ਅਮਰ ਰਿਹਾ ਹੈ।

ਤੁਰਕਾਂ ਨੇ ਪਹਾੜੀ ਰਾਜਿਆਂ ਪਾਸੋਂ ਵੀ 'ਗਊ' ਦੀਆਂ ਸੁਗੰਧਾਂ ਚੁਕਵਾਈਆਂ, ਅਤੇ ਆਪ ਵੀ 'ਕੁਰਾਨ ਸ਼ਰੀਫ' ਦੀਆਂ ਕਸਮਾਂ ਦਾ ਭਰੋਸਾ ਦੇ ਕੇ ਗੁਰੂ ਜੀ ਤੋਂ ਕਿੱਲਾ ਖਾਲੀ ਕਰਾ ਲਿਆ, ਪਰ 'ਕੁਰਾਨ ਸ਼ਰੀਫ' ਥੀਂ ਬੇਮੁਖ ਬੇਈਮਾਨ ਹੋ ਕੇ ਫੇਰ ਹੱਲਾ ਕਰਾ ਦਿਤਾ ਸੀ। ਜਿਸ ਭਾਜੜ ਦੇ ਕਾਰਨ ਹਜ਼ਾਰਾਂ ਭੁੱਖੇ ਤੇ ਨਿਹੱਥੇ ਸਿੰਘ ਸ਼ਹੀਦ ਹੋ ਗਏ। ਕੁਝ ਸ਼ਸਤ੍ਰਧਾਰੀ ਕਈਆਂ ਨੂੰ ਮਾਰ ਕੇ ਮਰੇ। ਅਤੇ ਕੁਝ ਕੁਝ 'ਸਰਸਾ' ਨੇ ਰੋਹੜ ਦਿਤੇ। ਪ੍ਰਵਾਰ ਵਿਛੜ ਗਿਆ, ਛੋਟੇ ਦੋ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਸਰਹਿੰਦ ਵਿਚ ਸ਼ਹੀਦ ਹੋਏ। ਸਤਿਗੁਰੂ ਜੀ ਆਪ ਅਤੇ ਦੋਵੇਂ ਵਡੇ ਸਾਹਿਬਜ਼ਾਦੇ ਸਣੇ ਚਾਲੀ ਸਿੱਖਾਂ ਦੇ ਫੇਰ ਚਮਕੌਰ ਦੀ ਗੜ੍ਹੀ ਅੰਦਰ ਘੇਰੇ ਗਏ। ਜਿਥੇ ਬਹਾਦਰੀ ਨਾਲ ਲੜਦਿਆਂ ਦੋਵੇਂ ਸਾਹਿਬਜ਼ਾਦੇ ਅਤੇ ੩੫ ਸਿੰਘ ਸ਼ਹੀਦ ਹੋ ਗਏ ਸਨ।

ਇਥੇ ਸਤਿਗੁਰੂ ਜੀ ਨੇ ਕਲਗੀ ਜਿਗੇ ਦੀ ਭੇਟ ਧਰ ਪੰਜਾਂ ਸਿੰਘਾਂ ਨੂੰ 'ਗੁਰੂ ਖਾਲਸਾ' ਥਾਪ ਸ੍ਰੀਰਕ ਗੁਰਿਆਈ ਸੌਂਪੀ, ਤੇ ਫੁਰਮਾਇਆ ਅੱਜ ਤੋਂ 'ਪੰਜ ਸਿੰਘ' ਵਾਹਿਗੁਰੂ ਦੀ ਹਜ਼ੂਰੀ ਵਿਚ ਜਿਥੇ ਜੁੜਨਗੇ, ਗੁਰੂ ਆਪ ਵਿਚਰਣਗੇ। ਮੇਰੇ ਅਤੇ ਤੁਸਾਡੇ ਹੁਣ ਸ਼ਹੀਦ ਹੋ ਜਾਣ ਤੇ ਵੀ ਮੇਰੀ ਇਹ ਬਖਸ਼ਸ਼ ਤੇ 'ਤੇਜ' ਪ੍ਰਤਾਪ ਖਾਲਸੇ ਅੰਦਰ ਸਦਾ ਸੁਰਜੀਤ ਰਹੇਗਾ, ਅਤੇ ਅਕਾਲ ਪੁਰਖ ਦੇ ਹੁਕਮ ਨਾਲ ਸਾਜੇ, ਅਕਾਲ ਉਪਾਸ਼ਕ ਖਾਲਸੇ ਦਾ ਅਕਾਲ ਸਹਾਈ ਹੋਵੇਗਾ। ਇਉਂ ਆਖ ਕੇ ਗੜ੍ਹੀ ਥੀਂ ਬਾਹਰ ਜਾ ਕੇ ਲੜਦਿਆਂ ਸ਼ਹੀਦ ਹੋ ਜਾਣ ਦੀ ਇੱਛਾ ਪ੍ਰਗਟ ਕੀਤੀ। ਤਾਂ ਸਿੰਘਾਂ ਨੇ ਮਿੰਨਤ ਨਾਲ ਰੋਕਨਾਂ ਕੀਤਾ। ਆਖਿਆ—ਇਥੋਂ ਸਲਾਮਤੀ ਨਾਲ ਕਿਸੇ ਤਰ੍ਹਾਂ ਨਿਕਲ ਜਾਵੋ, ਕਿਉਂਕਿ ਅੱਖਾਂ ਸਾਹਵੇਂ ਸਤਿਗੁਰੂ ਨੂੰ ਡਿਗਦੇ ਦੇਖ ਸਾਡੀ ਆਤਮਾਂ ਸਹਾਰ ਨਹੀਂ ਸਕਦੀ। ਪਰ ਸਤਿਗੁਰੂ ਦਸਮੇਸ਼ ਜੇਹੜੇ ਦੋਵੇਂ ਵੇਲੇ ਪਿਤਾ ਪਰਮੇਸ਼ਵਰ ਪਾਸੋਂ ਇਹ ਮੰਗ ਮੰਗਦੇ ਹੁੰਦੇ ਸਨ—

'ਜਬ ਆਵ ਕੀ ਅਉਧਿ ਨਿਦਾਨ ਬਨੈ, ਅਤਿ ਹੀ ਰਣ ਮੈ ਤਬ ਜੂਝ ਮਰੋਂ।'

ਉਹ ਗੁਰੂ ਗੋਬਿੰਦ ਸਿੰਘ ਇਸ ਅਵਸਰ ਨੂੰ ਗਵਾਣਾ ਨਹੀਂ ਸਨ ਚਾਹੁੰਦੇ। ਉਹ ਜਾਨ ਬਚਾ ਕੇ ਚਲੇ ਜਾਣ ਨੂੰ ਆਪਣੇ ਤੇ ਉਲਾਹਮਾਂ ਜਾਣਦੇ ਸਨ। ਇਸ ਲਈ ਇਸ ਸਮੇਂ ਦੇਸ਼; ਕੌਮ, ਧਰਮ ਦੇ ਵੈਰੀਆਂ ਦੇ ਕਲੇਜੇ ਚੀਰ ਕੇ ਪਿਆਰੇ ਸਿੱਖਾਂ ਅਤੇ ਸਾਹਿਬਜ਼ਾਦਿਆਂ ਦੇ ਨਾਲ ਹੀ ਪਿਤਾ ਪਰਮੇਸ਼ਵਰ ਪਾਸ ਆਪਣਾ ਜਾਣਾ ਜ਼ਰੂਰੀ ਦਸਿਆ—

ਹੁਣ ਜਦੋਂ ਸਿੰਘਾਂ ਨੇ ਅਪਣੇ ਵਿਚਾਰਾਂ ਥੀਂ ਗੁਰੂ ਜੀ ਨੂੰ ਹੋੜਨਾ ਕਠਨ ਜਾਣਿਆ ਤਾਂ ਪੰਜਾਂ ਨੇ ਗੁਰਮੱਤਾ ਕਰਕੇ ਇਉਂ ਕਿਹਾ—'ਐ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ! ਪਿੱਛੇ ਰਹੇ ਖਾਲਸੇ ਨੂੰ ਢਾਰਸ ਬੰਧਾਨ ਲਈ ਅਤੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਹਲਾਉਣ ਨੂੰ ਹੋਰ ਖਾਲਸਾ ਸਾਜਨ ਦੇ ਉਪਰਾਲੇ ਦੀ ਅਜੇ ਲੋੜ ਹੈ। ਆਪ ਨੇ 'ਗੁਰੂ ਖਾਲਸਾ' ਹੋਣ ਦਾ ਸਾਨੂੰ ਜੋ ਮਾਨ ਬਖਸ਼ਿਆ ਹੈ; ਜੇਕਰ ਇਹ ਸੱਚ ਹੈ? ਤਾਂ ਅਸੀਂ 'ਗੁਰੂ ਖਾਲਸਾ' ਅਕਾਲ ਪੁਰਖ ਕੀ ਫ਼ੌਜ ਰੂਪ ਵਿਚ ਤੁਸਾਂ ਨੂੰ ਹੁਕਮ ਕਰਦੇ ਹਾਂ—ਜਿਵੇਂ ਹੋ ਸਕੇ ਇਸ ਗੜ੍ਹੀ ਵਿਚੋਂ ਸਲਾਮਤੀ ਨਾਲ ਨਿਕਲ ਜਾਓ। ਇਸ ਹੁਕਮ ਨੇ ਗੁਰੂ ਜੀ ਨੂੰ

ਮਜਬੂਰ ਕਰ ਦਿਤਾ । ਤਾਂ ਰਾਤ ਸਮੇਂ ਭਾਈ ਦਯਾ ਸਿੰਘ ਜੀ, ਭਾਈ ਧਰਮ ਸਿੰਘ ਜੀ, ਅਤੇ ਭਾਈ ਮਾਨ ਸਿੰਘ ਸਣੇ ਗੁਰੂ ਜੀ ਗੜ੍ਹੀ ਦੇ ਪਿਛਲੇ ਪਾਸੋਂ ਗੁਪਤ ਦਰਵਾਜ਼ਿਉਂ ਬਾਹਰ ਹੋ ਗਏ । ਅਤੇ ਤਿੰਨ ਵੇਰ ਤਾੜੀ ਮਾਰ ਕੇ ਆਖ ਸੁਣਾਇਆ—'ਹਿੰਦੂਆਂ ਦਾ ਪੀਰ ਚਲਿਆ ਜੇ; ਕੋਈ ਰੋਕ ਸਕਦਾ ਹੈ ? ਤਾਂ ਰੋਕੇ' । ਇਉਂ ਆਖਦੇ ਹੋਇ ਇਕ ਤਾਰੇ ਦੀ ਸੇਧੀ ਹੋ ਤੁਰੇ । ਖਿੰਡ ਪੁੰਡ ਗਏ; ਤੇ ਮੁਸ਼ਕਲ ਨਾਲ ਦੂਜੇ ਦਿਨ ਸਵੇਰ ਨੂੰ ਮਾਛੀਵਾੜੇ ਪੁੱਜ ਕੇ ਇਕੱਠੇ ਹੋ ਸਕੇ ਸਨ ।

ਇਧਰ ਅਚਨਚੇਤ ਕੁਝ ਸੁੱਤੀ, ਕੁਝ ਜਾਗਦੀ ਤੁਰਕ ਸੈਨਾਂ ਅੰਦਰ ਇਸ ਆਵਾਜ਼ ਨੇ ਭਾਜੜ ਪਾ ਦਿਤੀ। ਅੰਧੇਰੇ ਵਿਚ ਬਹੁਤੇ ਆਪੋ ਵਿਚ ਦੀ ਕੱਟ ਵਢ ਮਰੇ ਤੇ ਕੁਝ ਨੇ ਗੜ੍ਹੀ ਦੇ ਅੰਦਰ ਸੀੜ੍ਹੀ ਲਾ ਕੇ ਵੜਨ ਦੀ ਕੀਤੀ। ਜਿਨ੍ਹਾਂ ਦੇ ਨਾਲ ਭਾਈ ਸੰਗਤ ਸਿੰਘ ਅਤੇ ਸੰਤ ਸਿੰਘ ਜੀ ਲੜ ਕੇ ਸ਼ਹੀਦ ਹੋ ਗਏ ਅਤੇ ਸਤਿਗੁਰੂ ਤਿੰਨ ਸਿਖਾਂ ਸਮੇਤ ਸਲਾਮਤੀ ਨਾਲ ਨਿਕਲ ਜਾਣ ਵਿਚ ਸੁਫਲ ਹੋ ਗਏ । ਉਥੋਂ ਨੰਗੇ ਪੈਰੀਂ ਰੋਪੜ ਆਦਿ ਕਈ ਥਾਵਾਂ ਤੇ ਹੁੰਦੇ ਹੋਏ ਆਪ ਮਾਛੀਵਾੜੇ ਪੁਜੇ ਸਨ। ਫੇਰ ਦੀਨੇ ਪਹੁੰਚ ਕੇ 'ਜ਼ਫ਼ਰ ਨਾਮਾ' ਲਿਖਿਆ ਜੋ ਭਾਈ ਦਿਆ ਸਿੰਘ ਹੱਥੀਂ ਦੱਖਣ ਵਿਚ ਔਰੰਗਜ਼ੇਬ ਪਾਸ ਭੇਜਿਆ ਸੀ। ਜਿਸ ਨੂੰ ਪੜ੍ਹਕੇ ਉਹ ਬਹੁਤ ਸ਼ਰਮਸਾਰ ਹੋਇਆ ਤੇ ਅਗੋਂ ਲਈ ਗੁਰੂ ਜੀ ਉਤੇ ਸਖਤੀਆਂ ਨ ਕਰਨ ਦੇ ਹੁਕਮ ਜਾਰੀ ਕਰ ਕੇ ਥੋੜੇ ਚਿਰ ਪਿਛੋਂ ਹੀ ਮਰ ਗਿਆ ਸੀ।

ਸ੍ਰੀ ਬਾਬਾ ਜੀ ਨੇ ਦਸਿਆ ਕਿ ਇਸ ਹੁਕਮ ਦੇ ਜਾਰੀ ਹੋਣ ਮਗਰੋਂ ਅਤੇ ਔਰੰਗਜ਼ੇਬ ਦੇ ਮਰ ਜਾਣ ਪਿਛੋਂ ਮੁਸਲਮਾਨ ਹਾਕਮਾਂ ਨੇ ਫੇਰ ਗੁਰੂ ਜੀ ਦਾ ਪਿੱਛਾ ਕਰਨਾ ਛੱਡ ਦਿਤਾ ਤਾਂ ਆਪ ਜੀ ਦਮਦਮੇ (ਸਾਬੋ ਕੀ ਤਲਵੰਡੀ) ਪੁਜਕੇ ਕਈ ਮਹੀਨੇ ਰਹੇ। ਇਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਨਵੇਂ ਸਿਰ ਲਖਾਈ ਕਰਾਈ ਅਤੇ ਭਾਈ ਮਨੀ ਸਿੰਘ ਸਮੇਤ ਸਾਰੀ ਸਗਤ ਪ੍ਰਥਾਏ ਗੁਰਬਾਣੀ ਦੀ ਸ੍ਰੀ ਮੁਖ ਥੀਂ ਕਥਾ ਸੁਣਾ ਕੇ ਤੇ ਹੋਰ ਬਅੰਤ ਕੌਤਕ ਕੀਤੇ ਫੇਰ 'ਬਹਾਦੁਰ ਸ਼ਾਹ' ਦੇ ਮੁਆਫ਼ੀ ਮੰਗ ਲੈਣ ਨਾਲ ਤੇ ਇਨਸਾਫ਼ ਦਾ ਭਰੋਸਾ ਮਿਲੇ ਪਰ ਉਹਦੀ ਸਹਾਇਤਾ ਕੀਤੀ, ਤਾਰਾ ਆਜ਼ਮ ਨੂੰ ਮਾਰਿਆ ਤੇ ਉਹਦੇ ਨਾਲ ਹੀ 'ਨੰਦੇੜ' ਦਖਣ ਜਾ ਪੁਜੇ ਸਨ, ਇਥੇ ਗੁਦਾਵਰੀ ਕਿਨਾਰੇ ਇਕ ਮਾਣ ਵਿਚ ਮੱਤੇ ਤਪੱਸ਼ਵੀ ਬੈਰਾਗੀ ਸਾਧੂ 'ਮਾਧੋ ਦਾਸ' ਦਾ ਆਸਣ ਸੀ, ਅੰਦਰ ਜਾ ਬੈਠੇ ।

ਇਸ ਨੇ ਪਹਿਲਾਂ ਤਾਂ ਅਪਣੇ ਵੱਸ ਕੀਤੇ ਬੀਰਾਂ ਰਾਹੀਂ ਗੁਰੂ ਜੀ ਨਾਲ ਛੇੜਖਾਨੀ ਕਰਨੀ ਸ਼ੁਰੂ ਕੀਤੀ ਪਰ ਪੇਸ਼ ਨ ਜਾਣ ਤੇ ਹਾਰ ਕੇ ਚਰਨੀ ਡਿੱਗਾ ਤੇ ਆਖਿਉ ਸੂ—ਮੈਂ ਆਪ ਦਾ ਬੰਦਾ ਹਾਂ, ਮੈਨੂੰ ਬਖਸ਼ ਲਵੋ । ਗੁਰੂ ਜੀ ਨੇ ਮੁਸਕਰਾ ਕੇ ਫੁਰਮਾਇਆ—'ਵਖਤ ਵੀਚਾਰੇ ਸੋ ਬੰਦਾ ਹੋਇ'—ਇਸ ਵਕਤ (ਸਮੇਂ) ਤੁਰਕ ਤੇਜ ਨੇ ਹਿੰਦੂ ਧਰਮ ਦੇ ਪ੍ਰਫੁਲਤ ਬਗੀਚੇ ਨੂੰ ਕੁਮਲਾ ਮੁਰਝਾ ਰਖਿਆ ਹੈ । ਅਸਾਂ ਨੇ ਹਜ਼ਾਰਾਂ ਸਿਖਾਂ ਅਤੇ ਸਰਬੰਸ ਦੇ ਲਹੂ ਨਾਲ ਜਿਤਨਾ ਹੋ ਸਕਿਆ, ਸਿੰਚਨ ਦਾ ਯਤਨ ਕੀਤਾ ਹੈ। ਪਰ ਅਜੇ ਤੇਰੇ ਜਿਹੇ ਤੱਪ-ਬਲ ਰਹਣ ਵਾਲਿਆਂ ਦੇ ਤਾਣ ਲੈਣ ਦੀ ਲੋੜ ਹੈ। ਜੇ ਸਹੀ ਬੰਦਾ ਬਣ ਸਕੇਂ ? ਤਾਂ ਮਾਧੋ ਦਾਸ ਦੇ ਪਰਵਾਨ ਕਰਨ ਤੇ ਇਹਨੂੰ ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਬੰਦਾ ਬਣਾ ਦਿਤਾ। ਫੇਰ ਬਖਸ਼ਿਸ਼ ਵਜੋਂ ਪੰਜ ਤੀਰ, ਕੁਝ ਧਾਰਮਿਕ ਤੇ ਰਾਜਨੀਤਕ ਸਿਖਿਆ ਦੇ ਕੇ ਥੋੜੇ ਸਿਖਾਂ ਸਣੇ ਪੰਜਾਬ ਨੂੰ ਭੇਜ ਦਿਤਾ । ਜਿਸ ਨੇ ਇਧਰ ਬਿਖਰ ਚੁਕੇ ਖਾਲਸਾ ਜੀ ਨੂੰ ਮੁੜ ਜਥੇਬੰਦ ਕਰ ਕੇ ਪੰਜਾਬ ਅੰਦਰ ਤਰਥੱਲੀ ਮਚਾ ਦਿਤੀ ਸੀ। ਉਧਰ ਆਪ ਗੁਰੂ ਜੀ ਦੋਵੇਂ ਵੇਲੇ 'ਨੰਦੇੜ' ਗੁਦਾਵਰੀ ਕਿਨਾਰੇ ਕਥਾ-ਕੀਰਤਨ ਸੁਣਦੇ ਸੁਣਾਂਦੇ, ਦਿਨੇ ਆਰਾਮ ਕਰਦੇ, ਜਾਂ ਕਦੀ ਕਦੀ ਸ਼ਿਕਾਰ ਭੀ ਖੇਡਿਆ ਕਰਦੇ। ਜਿਥ ਕਿ ਆਪ ਨੇ ਇਕ ਦਿਨ 'ਸੇਹਿਆ' ਮਾਰ ਕੇ ਆਖਿਆ ਸੀ; ਇਹ ਕੂੜੇ ਕਰਾੜ ਮੂਲ ਦੀ ਮੁਕਤੀ ਕੀਤੀ ਹੈ, ਕਿਉਂਕਿ ਆਦਿ 'ਗੁਰੂ ਨਾਨਕ' ਦਾ ਐਸਾ ਹੀ ਹੁਕਮ ਸੀ ਜਿਥੇ ਹੁਣ ਗੁਰਦਵਾਰਾ ਸ਼ਿਕਾਰ ਘਾਟ ਹੈ ।

# ਸਿਹਰਾ ਮੁਬਾਰਿਕ !

ਇਹ ਸ਼ੁੱਭ ਸਿਹਰਾ ਸ੍ਰੀਮਾਨ ਟਿੱਕਾ ਸਰਬਜੋਤ ਸਿੰਘ ਜੀ ਬੇਦੀ, ਸਾਹਿਬਜ਼ਾਦਾ ਸ੍ਰੀ ਸਤਿਕਾਰਯੋਗ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਸ੍ਰੀ ਊਨਾ ਸਾਹਿਬ ਦੇ ਸ਼ੁੱਭ ਅਨੰਦ ਕਾਰਜ ਸਮੇਂ 16 ਫਰਵਰੀ 1975 ਦਿਨ ਐਤਵਾਰ ਨੂੰ ਚੰਡੀਗੜ੍ਹ ਵਿਖੇ ਪੜ੍ਹਿਆ ਗਿਆ।

ਟਿੱਕਾ ਸਾਹਿਬ ਬਾਬਾ ਸਰਬਜੋਤ ਸਿੰਘ ਲਈ, ਗੁੰਦਾਂ ਸਿਹਰਾ ਜਾਂ ਫੁਲਾਂ ਦਾ ਹਾਰ ਗੁੰਦਾਂ।
ਗੁੰਦਾਂ ਮੋਤੀਆ, ਗੇਂਦਾ ਗੁਲਾਬ ਗੁੰਦਾਂ, ਗੁੰਦਾਂ ਫੁਲ ਜਾਂ ਫੁਲਾਂ ਦਾ ਪਿਆਰ ਗੁੰਦਾਂ।
ਇਕੱਠੇ ਕਰ ਕੇ ਫੁਲ ਬਗੀਚਿਆਂ ਦੇ, ਐਵੇਂ ਕਾਹਨੂੰ ਮੈਂ ਉਹਨਾਂ ਦੇ ਹਾਰ ਗੁੰਦਾਂ।
ਕਿਉਂ ਨਾ ਜ਼ਿੰਦਗੀ ਨੂੰ ਰੌਸ਼ਨ ਕਰਨ ਵਾਲੇ, ਮੈਂ ਬਜ਼ੁਰਗਾਂ ਦੇ ਬਚਨ ਵਿਚਾਰ ਗੁੰਦਾਂ।
ਗੁੰਦਾਂ ਉਹ ਮੈਂ ਫੁਲ ਵਿਚ ਸਿਖਿਆ ਦੇ, ਜੀਹਦੇ ਵੇਖਿਆਂ ਇਕ ਸਰੂਰ ਆ ਜਾਇ।
ਇਕ ਇਕ ਪੱਤੀ ਚੋਂ ਗੈਬੀ ਖੁਸ਼ਬੂ ਆਵੇ, ਜੀਹਦੇ ਬੱਧਿਆਂ ਨਵਾਂ ਇਕ ਨੂਰ ਆ ਜਾਇ।

ਬਾਬਾ ਸਾਹਿਬ ਬੇਦੀ ਸਾਹਿਬ ਸਿੰਘ ਜੀ ਦਾ, ਸਿਹਰੇ ਵਿਚ ਮੈਂ ਪਹਿਲਾਂ ਸਤਿਕਾਰ ਗੁੰਦਿਆ।
ਇਸ ਵਿਚ ਬਾਬਾ ਸੁਜਾਨ ਸਿੰਘ ਸਾਹਿਬ ਜੀ ਦਾ, ਬਾਬਾ ਰਾਮਕਿਸ਼ਨ ਸਿਘ ਦਾ ਹਿਤਕਾਰ ਗੁੰਦਿਆ।
ਬਾਬਾ ਦੇਵਿੰਦਰ ਸਿੰਘ ਸਾਹਿਬ ਦਾ ਨਾਮ ਗੁੰਦ ਕੇ, ਬੇਦੀ ਬੰਸ ਦਾ ਤੇਜ ਅਪਾਰ ਗੁੰਦਿਆ।
ਬਾਬਾ ਮਧੁਸੂਦਨ ਸਿੰਘ ਸਾਹਿਬ ਦੀ ਖੁਸ਼ੀ ਗੁੰਦ ਕੇ; ਨਾਨਕ ਗੁਰੂ ਦਾ ਨਾਮ ਵਿਚਕਾਰ ਗੁੰਦਿਆ।
ਸਭੇ ਚੀਜ਼ਾਂ ਇਕ ਤਾਰ ਵਿਚ ਗੁੰਦੀਆਂ ਜਾਂ, ਬਣ ਗਿਆ ਐਡਾ ਅਲੰਕਾਰ ਸਿਹਰਾ।
ਇਹਦੀ ਆਬ ਜ਼ਮਾਨੇ ਤੋਂ ਵਖਰੀ ਏ, ਸਾਰੇ ਕਹਿਣ ਇਹ ਸਿਖਿਆ ਦਾ ਹਾਰ ਸਿਹਰਾ।

ਟਿੱਕਾ ਸਾਹਿਬ ਤੁਸੀਂ ਬੱਧਾ ਨਹੀਂ ਸਿਰ ਸਿਹਰਾ, ਤੁਸੀ ਫ਼ਰਜ਼ ਬੰਨ੍ਹਿਆ, ਜ਼ਿਮੇਵਾਰੀ ਬੰਨ੍ਹੀ।
ਮਾੜੀ ਮੋਟੀ ਕੋਈ ਨਹੀਂ ਹੈ ਗਲ ਏਥੇ, ਜ਼ਿਮੇਵਾਰੀ ਵੀ ਬੜੀ ਹੈ ਭਾਰੀ ਬੰਨ੍ਹੀ।
ਤੁਸੀਂ ਨੇਗਾਂ ਦੇ ਲਈ ਜਿਰ ਸਹੁੰ ਬੰਨ੍ਹੀ; ਤੁਸੀਂ ਅਹਿਦ ਬੰਨ੍ਹਿਆ; ਵਫ਼ਾਦਾਰੀ ਬੰਨ੍ਹੀ।
ਮਾਂ, ਬਾਪ ਅਤੇ ਦੇਸ਼, ਕੌਮ ਦੇ ਲਈ, ਖ਼ਿਦਮਤਗਾਰੀ ਹੈ ਸਾਰੀ ਦੀ ਸਾਰੀ ਬੰਨ੍ਹੀ।
ਜਿਹੋ ਜਿਹਾ ਰਿਸ਼ਤਾ, ਜਿਹੋ ਜਿਹਾ ਪਾਤਰ, ਉਸੇ ਪੱਧਰ ਦਾ ਉਹਨੂੰ ਸਨਮਾਨ ਦੇਣਾ।
ਖੁਲ੍ਹਾ ਦਿਲ ਰਖਣਾ, ਮਿੱਠੀ ਜੀਭ ਰਖਣੀ; ਹਰ ਨੂੰ ਇਜ਼ਤ ਦੇਣੀ, ਹਰ ਨੂੰ ਮਾਨ ਦੇਣਾ।

ਟਿੱਕਾ ਸਾਹਿਬ ਜੀ ਤੁਸਾਂ ਦੇ ਵਡਿਆਂ ਨੇ; ਹੈਸਨ ਦੁਨੀਆਂ ਵਿਚ ਥਲਕੇ ਮਚਾ ਦਿੱਤੇ।
ਖੰਡੇ ਉਹਨਾਂ ਦੇ ਗਜ਼ਨੀ ਦੀ ਜਿੰਦ ਕਢ ਲਈ, ਗਰਜ ਉਹਨਾਂ ਦੀ ਪਰਬਤ ਕੰਬਾ ਦਿਤੇ।
ਪੈਰਾਂ ਉਹਨਾਂ ਦਿਆਂ ਨਾਦਰ ਨੂੰ ਲਿਤੜ ਦਿਤਾ, ਸ਼ਕਤੀ ਨਾਲ ਸੀ ਕਿਲ੍ਹੇ ਝੁਕਾ ਦਿਤੇ।
ਛਾਤੀ ਨਾਲ ਚਟਾਨਾਂ ਨੂੰ ਚੂਰ ਕੀਤਾ, ਬਾਹਾਂ ਨਾਲ ਸੀ ਝੰਡੇ ਝੁਲਾ ਦਿਤੇ।
ਸਾਹਿਬ ਸਿੰਘ ਬਾਬਾ ਦਾ ਪਰਤਾਪ ਤੱਕ ਕੇ, ਪਰਬਤ ਚੋਟੀਆਂ ਝੁਕ ਸਲਾਮ ਕੀਤਾ।
ਆਬਸ਼ਾਰਾਂ ਨੇ ਨਿਉਂ ਨਿਉਂ ਪੈਰ ਧੋਤੇ, ਤਾਜਾਂ ਤਖਤਾਂ ਨੇ ਉਹਨੂੰ ਪਰਨਾਮ ਕੀਤਾ।

ਇਹ ਗਲ ਠੀਕ! ਸਿਖ ਕੌਮ ਵਿਚ ਉਸ ਵੇਲੇ, ਕਈ ਯੋਧੇ ਤੇ ਸਿਪਹਸਾਲਾਰ ਵੀ ਸਨ।
ਪਰ ਝੰਡੇ ਮੁਗਲਾਂ ਦੇ ਕਿਲਿਆਂ ਤੋਂ ਲਾਹੁਣ ਵਾਲੇ, ਤੇਰੀ ਕੌਮ ਦੇ ਬੇਦੀ ਸਰਦਾਰ ਹੀ ਸਨ।

ਜਿਹਨਾਂ ਆਣ ਨਾ ਪੰਥ ਨੂੰ ਆਣ ਦਿਤੀ, ਬਿਕ੍ਰਮ ਸਿੰਘ ਜਿਹੇ ਵਫ਼ਾਦਾਰ ਹੀ ਸਨ।
ਜ਼ਾਹਰ ਅਜ ਭੀ ਉਹਨਾਂ ਦੀਆਂ ਅਜ਼ਮਤਾਂ ਨੇ, ਮਹਾਂਤਪੀ ਵੀ ਸਨ, ਤਾਜਦਾਰ ਵੀ ਸਨ।
ਬੇਦੀ ਬੰਸ ਦੀ ਸੁੱਚੀ ਇਕ ਮਾਲਾ ਦਾ ਹੀ, ਸਾਡੇ ਚੰਨਿਆ! ਸੁੱਚਾ ਇਕ ਮੋਤੀ ਏਂ ਤੂੰ।
ਕਲਗੀ ਵਾਲੇ ਦਸਮੇਸ਼ ਦੀ ਅਣਖ ਏਂ ਤੂੰ, ਨਾਨਕ ਪਾਤਸ਼ਾਹ ਦੀ ਇਕ ਜੋਤੀ ਏਂ ਤੂੰ।

ਬੇਦੀ ਬੰਸ ਦਾ ਤਦੇ ਸਤਿਕਾਰ ਰਹਿਸੀ, ਨਾਨਕ ਗੁਰੂ ਨੂੰ ਚੰਨਾ! ਸਤਿਕਾਰੋਗੇ ਜੇ।
ਬੇਦੀ ਕੁੱਲ ਨੂੰ ਪੂਜਣਗੇ ਤਾਂ ਲੋਕੀਂ, ਗੁਰੂ ਗਰੰਥ ਨੂੰ ਪੂਜੋ, ਪਿਆਰੋਗੇ ਜੇ।
ਨਾਨਕ ਬੰਸ ਦੇ ਝੂਲਣਗੇ ਤਾਂ ਝੰਡੇ, ਬਾਣੀ ਕੀਰਤਨ ਤਾਈਂ ਪਰਚਾਰੋਗੇ ਜੇ।
ਨਾਨਕ ਨਾਮ ਦੇ ਬੀਜ ਦਾ ਤੁਸੀਂ ਛੱਟਾ, ਲੱਖਾਂ ਹਿਰਦਿਆਂ ਵਿਚ ਖਿਲਾਰੋਗੇ ਜੇ।
ਪਿਤਾ, ਦਾਦਾ ਦੇ ਵਾਂਗਰਾਂ ਤੁਸਾਂ ਦੋਹਾਂ, ਨਾਨਕ ਗੁਰੂ ਦਾ ਮੱਤ ਪਰਚਾਰਨਾ ਏ।
ਨਾਨਕ ਬਾਣੀ ਦੀ ਕਿਸ਼ਤੀ ਦੇ ਵਿਚ ਬਹਿ ਕੇ, ਆਪ ਤਰਨਾ ਤੇ ਲੋਕਾਂ ਨੂੰ ਤਾਰਨਾ ਏ।

ਮਾਮਾ ਜਗਤਾਰ ਸਿੰਘ ਤੇ ਜਸਵੰਤ ਕੌਰ ਦਾਦੀ, ਅਰਸ਼ਾਂ ਵਿਚੋਂ ਅਜ ਫੁਲ ਵਰਸਾ ਰਹੇ ਨੇ।
ਸ੍ਰਦਾਰ ਹਿਤਿੰਦਰ ਸਿੰਘ ਸਾਹਿਬ ਨੂੰ ਖੁਸ਼ੀ ਕਿੰਨੀ, ਸ੍ਰਦਾਰ ਜਿਤਿੰਦਰ ਸਿੰਘ ਚਾਅ ਵਿਖਾ ਰਹੇ ਨੇ।
ਸੰਗੀਤ ਕੌਰ ਅਤੇ ਸਵਰਨੀਕ ਭੈਣਾਂ, ਆਪੇ ਵਿਚ ਨਾ ਅੱਜ ਸਮਾ ਰਹੇ ਨੇ।
ਹਰਿਜਿੰਦਰ ਕੌਰ ਜੀ ਮਾਤਾ ਨੂੰ ਚਾਅ ਕਿੰਨਾ, ਖੁਸ਼ੀ ਦੌਲਤ ਦੇ ਵਾਂਗ ਲੁਟਾ ਰਹੇ ਨੇ।
ਬੇਦੀ ਸਾਹਿਬ ਸ੍ਰੀ ਬਾਬਾ ਮਧੁਸੂਦਨ ਸਿੰਘ ਜੀ, ਲੱਖ ਲੱਖ ਨਾਨਕ ਦਾ ਸ਼ੁਕਰ ਮਨਾ ਰਹੇ ਨੇ।
ਇੰਦਰਜੀਤ ਸਿੰਘ ਸਾਹਿਬ ਦਾ ਬੰਸ ਸਾਰਾ, ਕਿੰਨਾ ਤੁਸਾਂ ਦਾ ਮਾਨ ਵਧਾ ਰਹੇ ਨੇ।
ਹਰ ਇਕ ਪੰਖੜੀ ਝੂਮ ਕੇ ਆਖਦੀ ਏ, ਵਧੇ ਜੱਗ ਦੇ ਵਿਚ ਸਤਿਕਾਰ ਤੁਹਾਡਾ।
ਨੀਰਾ ਨਾਲ ਮਿਲ ਕੇ ਲੰਮੀ ਉਮਰ ਮਾਣੋ, 'ਦਰਦੀ' ਜੱਸ ਪਿਆ ਕਰੇ ਸੰਸਾਰ ਤੁਹਾਡਾ।

—o—

## ਸ੍ਰੀ ਬੀਰ ਮਰਗੇਸ਼ ਗੁਰ ਬਿਲਾਸ

(ਸਫਾ 49 ਦੀ ਬਾਕੀ)

ਚੌਪਈ

ਇਸੀ ਰੀਤ ਸੇ ਭਟ ਹਰਿ ਸੂਰੇ ॥ ਦਾਤੇ ਸਰਨਿ ਵਚਨ ਕੇ ਪੂਰੇ ॥
ਮੁਖ ਜੋ ਕਹੈ ਸਤ ਹੋਇ ਜਾਵੈ ॥ ਬਿਲਮ ਪਲਕ ਨਹੀ ਹੋਨੀ ਪਾਵੈ ॥੧॥

ਦੋਹਿਰਾ— ਪੂਰੇ ਆਸਾ ਸਰਬ ਕੀ ਬੀਰ ਹਰੀ ਭਗਵਾਨ।
ਜੋ ਆਵੈ ਚਲ ਆਸ ਕਰ ਦੇਹ ਨ ਬਿਰਥਾ ਜਾਨ ॥੧॥

ਇਸੀ ਅਵਸਰ ਮੈ ਸਰਕਾਰ ਰਣਜੀਤ ਸਿੰਘ ਕੋ ਭੀ ਐਸੀ ਸਾਮਰਥ ਗੁਰੂ ਜੀ ਕੀ ਦੇਖ ਕੇ ਬਡੀ ਸਰਧਾ ਉਤਪਤ ਹੋਤੀ ਭਈ। ਮਹਾਰਾਜ ਜੀ ਕੇ ਦਰਸਨ ਕੀ ਲਾਲਸਾ ਸਰਕਾਰ ਕੋ ਬਹੁਤ ਹੀ ਹੋਤੀ ਭਈ ਤਬ ਮੰਤ੍ਰੀਓਂ ਸਹਤ ਆਪ ਆਵਤਾ ਭਯਾ। ਜਬ ਤਰਨਤਾਰਨ ਜੀ ਆਇ ਕੇ ਪ੍ਰਥਮ ਇਸਨਾਨ ਕੀਆ ਪੁਨ: ਗੁਰੂ ਜੀ ਕੇ ਪਾਸ ਪ੍ਰਥਮ ਅਪਨਾ ਏਕ ਅਸਵਾਰ ਭੇਜਯਾ। ਉਸ ਸਿਖ ਨੇ ਆਇ ਕੇ ਅਰਦਾਸ ਦੋਨੋਂ

ਹਾਥ ਜੋੜ ਕੇ ਕੀਤੀ ਕਿ ਹੇ ਸਚੇ ਪਾਤਸ਼ਾਹੁ ! ਸਰਕਾਰ ਰਣਜੀਤ ਸਿੰਘ ਜੀ ਨੇ ਮੁਝ ਕੋ ਆਪ ਕੇ ਚਰਣੋ ਕੇ ਹਜੂਰ ਅਰਜ ਕਰ ਪਠਾਯਾ ਹੈ ਜੋ ਆਪ ਕਾ ਹੁਕਮ ਹੋਵੇ, ਦਾਸ ਕੋ ਤਬ ਦਰਸ਼ਨ ਵਾਸਤੇ ਆਵੇ। ਉਸ ਸਿਖ ਕੀ ਅਰਜ ਸੁਣ ਕੇ ਸ੍ਰੀ ਬੀਰ ਸਿੰਘ ਜੀ ਨੇ ਬਚਨ ਕੀਆ "ਅਛਾ! ਆ ਜਾਵੇ, ਪਰੰਤੂ ਹਮਾਰੇ ਆਗੇ ਕੁਛ ਭੀ ਨ ਲਯਾ ਕੇ ਰੁਪਯਾ ਮੋਹਰ ਆਦੀ ਰਖੇ, ਦੂਸਰਾ ਜੇ ਗੁਰੂ ਕੇ ਲੰਗਰੋਂ ਪ੍ਰਸਾਦਿ ਛਕਣਾ ਹੋਵੇ ਤਬ ਆਵੇ, ਨਹੀ ਤੋ ਨ ਆਵੇ। ਐਸੀ ਰੀਤੀ ਕੇ ਵਚਨ ਸਵਾਮੀ ਜੀ ਕੇ ਸੁਣਕੇ ਅਸਵਾਰ ਬੜੀ ਸੀਘਰਤਾ ਕਰ ਕੇ ਘੋੜਾ ਭਜਾਇ ਕੇ ਸਰਕਾਰ ਕੇ ਪਾਸ ਪਹੁਚਯਾ। ਗੁਰੂ ਜੀ ਕਾ ਅਭਿਪ੍ਰਾਯ ਕੁਲ ਸਰਕਾਰ ਕੋ ਠੀਕ ਠੀਕ ਸਮਝਾਇ ਦੀਆ। ਤਥਾਅਸਤੁ ਕਹ ਕੇ ਸਰਕਾਰ ਰਣਜੀਤ ਸਿੰਘ ਸ੍ਰੀ ਤਰਨਤਾਰਨ ਜੀ ਸੇ ਅਸਵਾਰ ਹੋ ਕੇ ਸ੍ਰੀ ਗੁਰੂ ਜੀ ਕੇ ਸੰਤਪੁਰੇ ਮੈ ਪਹੁਚਾ, ਜਹਾਂ ਸੇ ਨਿਸਾਨ ਸਾਹਿਬ ਜੀ ਕਾ ਦਰਸ਼ਨ ਹੂਆ ਤਹਾਂ ਸੇ ਹਾਥੀ ਸੇ ਉਤਰ ਪੜਾ ਪੈਰੀਂ ਤੁਰ ਕੇ ਜਾਤਾ ਭਯਾ ਏਕ ਕੇਵਲ ਪੰਡਾਂ ਪਤਾਸਿਆਂ ਕੀਆਂ ਲੈ ਗਏ ਔਰ ਗੁਰੂ ਜੀ ਅਪਨੇ ਆਗੇ ਕੁਛ ਕਿਸੀ ਸੇ ਨ ਰਖਾਵਤੇ ਭਏ। ਆਇ ਕੇ ਇਸ ਰੀਤੀ ਸੇ ਦਰਸਨ ਸਰਕਾਰ ਕਰਤੇ ਭਏ ਉਸ ਸਮੇ ਮੈ ਗੁਰੂ ਜੀ ਪਕੇ ਡੇਰੇ ਮੈ ਬਰਨਯਾਂ ਕੇ ਨੀਚੇ ਬੈਠੇ ਥੇ ਜਬ ਸਰਕਾਰ ਨੇ ਆਇ ਕੇ ਦਰਸਨ ਕੀਆ ਥਾ ਅਬ ਭੀ ਊਹਾਂ ਦਮਦਮਾ ਪਕਾ ਬਨਾ ਹੂਆ ਹੈ। ਤਬ ਗੁਰੂ ਜੀ ਅਰਦਾਸੀਏ ਸਿਖ ਕੋ ਹੁਕਮ ਦੇਤੇ ਭਏ ਕੇ ਪ੍ਰਸਾਦ ਪਤਾਸਯਾਂ ਕਾ ਕੇਵਲ ਸਰਕਾਰੀ ਨੌਕਰੋਂ ਪ੍ਰਤੀ ਦੇਣਾ, ਅਪਨੇ ਡੇਰੇ ਵਾਲੇ ਕਿਸੇ ਭੀ ਸਿਖ ਕੋ ਨ ਦੇਣਾ। ਅਰਦਾਸੀਏ ਸਿਖ ਨੇ ਸਤ ਬਚਨ ਮਾਨ ਕੇ ਅਰਦਾਸ ਕੀਤੀ ਤਦਨੰਤਰ ਮਹਾਰਾਜ ਜੀ ਸਰਕਾਰ ਸਹਤ ਹੋਰ ਸਰਬ ਸਰਦਾਰੋਂ ਕੋ ਏਕ ਏਕ ਬੁਕ ਪਤਾਸਯਾਂ ਕਾ ਦੇਤੇ ਭਏ ਔ ਰਾਜਾ ਹੀਰਾ ਸਿੰਘ ਕੀ ਝੋਲੀ ਮੈ ਦੋ ਬੁਕ ਪਾਏ ਤਬ ਸਰਕਾਰ ਨੇ ਹਾਥ ਜੋੜ ਕੇ ਬੇਨਤੀ ਕੀ ਹੇ ਸਚੇ ਪਾਤਸਾਹੁ ਜੀ, ਹਮ ਕੋ ਏਕ ਏਕ ਬੁਕ ਪਤਾਸਯਾਂ ਕਾ ਦੀਆ ਹੈ ਅਰ ਇਸ ਲੜਕੇ ਕੀ ਝੋਲੀ ਮੈ ਆਪ ਨੇ ਦੋ ਬੁਕ ਪਾਏ ਹੈਂ ਇਸ ਮੈ ਕਯਾ ਕਾਰਨ ਹੈ ਤਬ ਹਸ ਕੇ ਸਾਹਿਬ ਨੇ ਬਚਨ ਕੀਆ ਕੇ ਹੇ ਰਾਜਨ ਇਸ ਸੇ ਹਮ ਨੇ ਤੁਮਾਰੇ ਪੀਛੇ ਕਾਮ ਲੇਨਾ ਹੈ ਇਸ ਕਾਰਨ ਸੇ ਹਮ ਨੇ ਇਸ ਕੀ ਝੋਲੀ ਮੈ ਦੋ ਬੁਕ ਪਾਏ ਹੈਂ। ਪੁਨ: ਸਰਕਾਰ ਰਣਜੀਤ ਸਿੰਘ ਨੇ ਦੁਬਾਰਾ ਨਿਰਣਯ ਇਸ ਬਾਤ ਕਾ ਨਹੀਂ ਪੂਛਾ ਜੋ ਮਹਾਰਾਜ ਜੀ ਹਮਾਰੇ ਪੀਛੇ ਇਸ ਸੇ ਆਪ ਨੇ ਕਿਆ ਕਾਮ ਲੇਨਾ ਹੈ ? ਨਾ ਗੁਰੂ ਜੀ ਨੇ ਆਪਨੇ ਆਪ ਕੁਛ ਬਤਾਯਾ ਸ੍ਰੀ ਗੁਰੂ ਜੀ ਨੇ ਇਤਨੇ ਵਾਕਯ ਕੇ ਅੰਤਰ ਹੀ ਸਰਬ ਭਾਵੀ ਕਾ ਸੂਚਨ ਕਰਾਇ ਦੀਆ ਪੁਨ: ਸਰਕਾਰ ਨ ਦੋਨੋ ਹਾਥ ਜੋੜ ਕਰ ਅਰਜ ਕੀ ਕੇ ਹੇ ਮਹਾਰਾਜ ਜੀ ਗੁਰੂ ਜੀ ਕੇ ਲੰਗਰ ਮੇ ਮੇਰਾ ਭੀ ਕੁਛ ਯਦਕਿੰਚਤ ਮਾਤ੍ਰ ਮੇਰਾ ਭੀ ਪਦਾਰਥ ਡਾਰੀਏ ਬਚਨ ਹੂਆ ਕੇ ਅਬ ਤੋ ਯੇ ਲੰਗਰ ਗੁਰੂ ਬਾਬਾ ਸਾਹਿਬ ਸਿੰਘ ਜੀ ਕੇ ਨਾਮ ਸੇ ਪ੍ਰਸਿਧ ਹੈ ਜੇ ਹਮ ਨੇ ਤੇਰਾ ਪਦਾਰਥ ਗੁਰੂ ਕੇ ਲੰਗਰ ਮੈਂ ਡਾਰਯਾ ਤਬ ਸਰਕਾਰ ਰਣਜੀਤ ਸਿੰਘ ਕਾ ਲੰਗਰ ਲਗਾਯਾ ਚਲਤਾ ਹੈ ਫਿਰ ਇਸ ਚਾਲ ਸੇ ਪ੍ਰਸਿਧ ਹੋ ਜਾਵੇਗਾ। ਤੂੰ ਭੀ ਗੁਰੂ ਸਾਹਿਬ ਸਿੰਘ ਜੀ ਕਾ ਸਿਖ ਹੈ ਅਸੀਂ ਭੀ ਗੁਰੂ ਸਾਹਿਬ ਸਿੰਘ ਜੀ ਕੇ ਸਿਖ ਹੈਂ ਤੁਝ ਕੋ ਗੁਰੁ ਸਾਹਿਬ ਸਿੰਘ ਜੀ ਨੇ ਬਾਹਰ ਕੀ ਪ੍ਰਿਥਵੀ ਕਾ ਰਾਜ ਦੀਆ ਹੈ ਹਮ ਕੋ ਭੀ ਉਨਹੁ ਨੇ ਅੰਤਰੀਵ ਸਾਰਬ ਭੋਮਯ ਰੂਪ ਰਾਜ ਦੀਆ ਹੈ ਸਾਰਬ ਭੋਮਯ ਸਾਰੀ ਪ੍ਰਿਥਵੀ ਕ ਰਾਜ ਕਾ ਨਾਮ ਹੈ ਅਥਵਾ ਭੂਮਾ ਨਾਮ ਬ੍ਰਹਮ ਕਾ ਹੈ ਆਤਮ ਰੂਪ ਕਰ ਕ ਤਿਸ ਬ੍ਰਹਮ ਕੋ ਜਿਸ ਸਤਿਗੁਰੂ ਨੇ ਲਖਤਾ ਕਰਾਈ ਹੋ ਸਰਬ ਬ੍ਰਹਮ ਰੂਪ ਕਰ ਕ ਦਿਖਾਯਾ ਹੈ ਅਪਨ ਊਪਰ ਔਰ ਕਿਸੀ ਕੋ ਆਗਯਾ ਕਰਨੇ ਵਾਲਾ ਰਾਜਾ ਬਿਨਾ ਅਪਨੇ ਆਤਮਾ ਸੇ ਨ ਦਖੇ ਤਿਸ ਰਾਜ ਕਾ ਨਾਮ ਸਾਰਬ ਭੋਮਾ ਰਾਜ ਹੈ। ਹੇ ਰਾਜਨ ਤੁਮਾਰ ਘਰ ਮੈ ਆਸੁਰੀ ਸੰਪਤੀ ਹੈ ਹਮਾਰੇ ਘਰ ਮੈ ਦੈਵੀ ਸੰਪਤੀ

ਹੈ ਤੇਰੇ ਪਾਸ ਤੇਰੀ ਰਖਯਾ ਕਰਨੇ ਵਾਰੇ ਸਸਤ੍ਰਧਾਰੀ ਸੂਰਬੀਰ ਹੈਂ ਹਮਾਰੀ ਰਖਯਾ ਕਰਨੇ ਵਾਰੋ ਮਹਾ ਸੂਰਬੀਰ ਅਤਿਰਥੀ ਸਤਸੰਗ ਹੈ ਤੁਮਾਰੇ ਗ੍ਰਿਹਿ ਮੈ ਸੁਵਰਣ ਰਜਤ ਹੀਰਾ ਪੰਨਾ ਆਦੀ ਧਨ ਹੈ ਹਮਾਰੇ ਰਿਦੇ ਰੂਪੀ ਗ੍ਰਿਹਿ ਵਿਖੇ ਸੰਤੋਖ ਰੂਪੀ ਪਰਮ ਧਨ ਹੈ ਤੁਮਾਰੀ ਉਸਤਤੀ ਕਰਕੇ ਤੁਮਕੋ ਬੰਦੀਨਜਨ ਜਗਾਵਤੇ ਹੈ ਤੈਸੇ ਗੁਨਗਯ ਜਨ ਜਿਗਯਾਸੂ ਹਮਾਰੀ ਭੀ ਉਸਤਤੀ ਕਰ ਕੇ ਹਮਕੋ ਭੀ ਜਗਾਵਤੇ ਹੈਂ। ਅਥਵਾ ਸਿਖੀ ਮੋਰ ਚਕੋਰ ਆਦਿਕ ਹਮਕੋ ਭੀ ਜਗਾਵਤੇ ਹੈਂ ਤੁਮਾਰਾ ਜਸ ਬ੍ਰਾਹਮਣ ਆਦਿਕ ਦਾਨ ਪਾਇਕ ਦੇਸਾਂਤਰੋ ਮੈ ਗਾਵਤੇ ਹੈਂ ਹਮਾਰਾ ਭੀ ਜਸ ਗੁਣਵੇਤਾ ਮਹਾਤਮਾ ਪੁਰਖ ਦੇਸਾਂਤਰੋਂ ਮੈ ਸਦਾ ਗਾਵਤੇ ਰਹਤੇ ਹੈਂ ਤੁ। ਅਨੇਕ ਪ੍ਰਕਾਰ ਕੇ ਬਿੰਜਨ ਬਨਵਾਇ ਕੇ ਭੋਜਨ ਕਰਤੇ ਹੋ, ਹਮਾਰੇ ਹਰਿ ਕਾ ਨਾਮ ਹੀ ਭੋਜਨ ਹੈ। ਤਥਾਚ ਗੁਰੂ ਸਿਮ੍ਰਿਤਿ ॥ ਸੁਖਮਨੀ ਕੀ ੨੦ ਅਸਟਪਦੀ ਕੋ ੮ ਚਰਣ ॥

ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਣ ਗਾਇ ॥
ਅਨਿਕ ਰਾਜ ਭੋਗ ਵਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥
ਬਹੁ ਭੋਜਨ ਕਾਪਰ ਸੰਗੀਤ । ਰਸਨਾ ਜਪਤੀ ਹਰਿ ਹਰਿ ਨੀਤ ॥
ਭਲੀ ਸੁਕਰਣੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰਮੰਤੁ ॥
ਸਾਧੁ ਸੰਗ ਪ੍ਰਭੁ ਦੇਹ ਨਿਵਾਸ ॥ ਸਰਬ ਸੂਖ ਨਾਨਕ ਪ੍ਰਗਾਸ ॥ ੮ ॥

ਇਸ ਕਾ ਵੀਚਾਰ ॥ ਨਿਮਖ ਨਾਮ ਨੇਤਰੋਂ ਕੇ ਏਕ ਵਾਰ ਝਮਕਨੇ ਮਾਤਰ ਕੋ ਹੈ ਸੋ ਹੇ ਰਾਜਨ ਨੇਤਰੋਂ ਕੇ ਏਕ ਵਾਰ ਝਮਕਨੇ ਮਾਤਰ ਕਾਲ ਪ੍ਰਯੰਤ ਜੋ ਜੀਵ ਦੇਵਤਾ ਦੈਤ ਮਨੁਖ ਆਦੀ ਹਰਿ ਗੁਰੂ ਪਰਮਸਵਰ ਕੇ ਗੁਣਾਨੁਵਾਦ ਗਾਵਤਾ ਹੈ ਸਰਵ ਬੈਕੁੰਠ ਸਨਬੰਧਨੀ ਜੋ ਮੁਕਤੀ ਹੈ ਤਿਸ ਮੋਖ ਕੋ ਪ੍ਰਾਪਤ ਹੋਤਾ ਹੈ। ਅਥਵਾ ਸਵਰਗ ਆਦਿਕੋਂ ਕੀ ਪ੍ਰਾਪਤੀ ਮਾਤਰ ਕਾ ਨਾਮ ਸਾਮਾਨ ਮੁਕਤ ਹੈ ਕਾਹੇ ਤੇ ਪਾਪ ਰੂਪ ਨਰਕ ਕੀ ਪ੍ਰਾਪਤੀ ਰੂਪ ਬੰਧਨ ਸੇ ਛੂਟ ਕੇ ਸਵਰਗਵਾਸ ਕੀ ਪ੍ਰਾਪਤੀ ਕਾ ਨਾਮ ਭੀ ਮੁਕਤ ਲੋਕ ਸਾਸਤਰ ਮੈ ਪ੍ਰਸਿਧ ਹੈ ਅਰਥਾਤ ਇਸ ਚਾਰ ਪਰਕਾਰ ਕੀ ਜੋ ਮੁਕਤ ਕੋ ਪਰਾਪਤ ਹੋਵੇਗਾ ਤੋ ਭੀ ਪਰਲੈ ਪ੍ਰਯੰਤ ਬੈਕੁੰਠ ਸਨਬੰਧੀ ਸਰੀਰ ਤਿਸਕਾ ਬਨਾ ਰਹੇਗਾ ਲੋਕ ਅਰਥ ਸਾਸਤ੍ਰ ਕੀ ਰੀਤੀ ਸੇ ਯਦਯਪੀ ਵਹੁ ਮੁਕਤ ਹੋ ਚੁਕਾ ਹੈ ਤਥਾਪੀ ਯਾਵਤ ਸਰੀਰ ਹੈ ਉਤਨਾ ਕਾਲ ਬੰਧ ਹੀ ਵੇਦਲੋਕ ਕੀ ਦ੍ਰਿਸ਼ਟੀ ਸੇ ਸਮਝਾ ਜਾਤਾ ਹੈ ਸਰਬ ਵੈਕੁੰਠ ਆਦਿਕ ਕੀ ਪ੍ਰਾਪਤੀ ਰੂਪ ਮੁਕਤੀ ਸੇ ਅਧਿਕਤਰ ਸਰਬ ਮੁਕਤੀ ਪਦਵਾਚਯੋਂ ਕਾ ਸਿਰਮੋਰ ਰੂਪ ਜੋ ਕੇਵਲ ਮੋਖ ਕਯਾ ਸੁਵਬ੍ਰਹਮਾਤਮ ਐਕਯ ਗਯਾਨ ਕੀ ਪ੍ਰਾਪਤੀ ਰੂਪ ਮੋਖਯ ਕੋ ਪ੍ਰਾਪਤ ਹੋਤਾ ਹੈ ਏਕ ਨਿਮਖ ਕਾਲ ਮਾਤਰ ਜੋ ਹਰਿ ਗੁਰੂ ਕੇ ਗੁਣੋਂ ਕਾ ਗਾਨ ਕਰ ਤਬ ਇਸ ਪ੍ਰਕਾਰ ਕਾ ਅਰਥ ਕਰਣੇ ਸੇ ਪ੍ਰਯਾਯ ਵਾਚੀ ਮੁਕਤਿ ਮੋਖ ਸਬਦ ਕੇ ਉਚਾਰਣੇ ਸੇ ਪੁਨਾ ਰੁਕਤੀ ਦੋਸ ਭੀ ਨਹੀ ਆਵਤਾ ਹੈ ਅਰਥ ਭੀ ਸਮਗਰ ਚਰਨ ਕਾ ਸੁਖੇਨ ਹੀ ਬਨ ਜਾਤਾ ਹੈ। ਹੇ ਰਾਜਨ ਜੋ ਨਾਮ ਜਿਸ ਅਵਸਥਾ ਮੇ ਹਰਿ ਜੀ ਕੇ ਨਾਮ ਕੀ ਨਾਮ ਸਨਬੰਧਨੀ ਕਥਾ ਸਰਗੁਣ ਬ੍ਰਹਮ ਕੀ ਅਥਵਾ ਨਿਰਗੁਣ ਬ੍ਰਹਮ ਕੀ ਕਥਾ ਕਥਨ ਗੁਰੂ ਔ ਸੰਤ ਜਨਹੁ ਕੇ ਮੁਖਾਰਵਿੰਦ ਸੇ ਸਰਵਣ ਕਰਣੇ ਸੇ ਮਨ ਵਿਖੇ ਵੋ ਪ੍ਰਮੇਸ਼ਵਰ ਕੀ ਕਥਾ ਅਤਿ ਪਯਾਰੀ ਲਾਗੇ ਔ ਪਰੇਮ ਕਰ ਕੇ ਅੰਗਹੁ ਮੇ ਪੁਲਕਾਵਲੀ ਹੋ ਜਾਵੇ, ਰੋਮ ਖੜੇ ਹੋ ਜਾਵੈ, ਬਿਨਾ ਪਰਮੇਸ਼ਵਰ ਕੀ ਕਥਾ ਸੇ ਅਵਰ ਕੁਛ ਭੀ ਨ ਭਾਵੇ ਅਥਵਾ ਹਮ ਕੋ ਪਰਮੇਸ਼ਵਰ ਕੀ ਕਥਾ ਬਿਨਾ ਕੁਛ ਭੀ ਨਹੀਂ ਭਾਵਤਾ ਹੈ। ਹਰੀ ਪਰਮੇਸਵਰ ਜੀ ਕੀ ਕਥਾ ਕਾ ਭਾਵਨ ਮਾਤਰ ਹੀ ਕੋ ਹਮ ਅਨੇਕ ਪਰਕਾਰ ਕੇ ਰਾਜ ਅਰ ਭੋਗ ਨਾਨਾਪ੍ਰਕਾਰ ਕੇ ਵਡਯਤੀ ਮਹਤਵਤਾ ਬਡਾਪਨਾ ਆਪਨੇ ਆਪ ਕੋ ਪ੍ਰਾਪਤ

ਹੂਆ ਜਾਨਤੇ ਹੈਂ। ਹੇ ਸਮਰਾਟ ਜੋ ਰਸਨਾ ਨਾਮ ਵਾਕ ਬਾਣੀ ਸੇ ਸਦਾ ਨਿਤ ਹੀ ਹਰਿ ਹਰਿ, ਹੇ ਹਰੇ, ਹੇ ਹਰੇ ਐਸਾ ਜੰਪੁ ਪਾਠ ਹੋਤਾ ਰਹੇ ਤਬ ਹਮ ਅਨੇਕ ਪ੍ਰਕਾਰ ਕੇ ਭੋਜਨ ਤਥਾ ਅਨੇਕ ਪ੍ਰਕਾਰ ਕੇ ਬਸਤ੍ਰ ਨਾਨਾਪ੍ਰਕਾਰ ਕੇ ਗੀਤ ਸਮਯਕ ਭਲੀ ਪ੍ਰਕਾਰ ਕੇ ਨਾਦ ਰਾਗ ਰੰਗ ਨਾਨਾਪ੍ਰਕਾਰ ਕੇ ਚੋਜ ਤਮਾਸ਼ੇ ਆਪ ਕੋ ਪ੍ਰਾਪਤ ਹੂਏ ਹੂਏ ਮਾਨਤੇ ਹੈਂ। ਤੁਮ ਜੋ ਅਨੇਕ ਪ੍ਰਕਾਰ ਕੇ ਸਵਾਦੂ ਬਿੰਜਨ ਭੋਜਨ ਖਾਤੇ ਹੋ ਨਾਨਾ ਪ੍ਰਕਾਰ ਕੇ ਬਸਤਰ ਭੂਖਨ ਪਹਰਤੇ ਹੋ ਤਥਾ ਬੇਸਯਾ ਆਦਿਕੋਂ ਕੇ ਮੁਖ ਸੇ ਰਾਗ ਰੰਗ ਸੁਨਤੇ ਹੋ ਤੇ ਤੇ ਸਾਰੇ ਕਾਮ ਕ੍ਰੋਧਾਦੀ ਬਿਕਾਰੋਂ ਕੋ ਉਤਪਤ ਕਰਨੇ ਹਾਰੇ ਹੈਂ। ਹੇ ਰਾਜਨ ਹਮਾਰੇ ਹਿਰਦਯ ਮੈ ਪੂਰਣ ਸਤਿਗੁਰੂ ਜੀ ਕਾ ਜੋ ਮੰਤ੍ਰ ਨਿਵਾਸ ਕਰ ਰਹਯੋ ਹੈ ਸੋ ਇਤਨੇ ਮਾਤ੍ਰ ਸੇ ਭਲੀ ਸ੍ਰਿਸਟੀ ਜੋ ਸੁਕਰਣੀ ਹੈ ਉਤਮ ਕਰਣੀ ਹੈ, ਉਤਮ ਕਰਤੂਤਿ ਹੈ ਏਹੀ ਪਰਮ ਸੋਭਾ ਹੈ, ਸਭ ਸੇ ਅਧਿਕ ਧਨਵੰਤਤਾ ਹੈ, ਸਭ ਸੇ ਅਧਿਕ ਉਤਮ ਧਨਾਢਤਾ ਹੈ, ਸਚੀ ਧਨ ਕੀ ਪ੍ਰਾਪਤੀਵਾਨ ਹਮ ਹੋਤੇ ਭਏ ਹਾਂ। ਐਸਾ ਸ੍ਰੀ ਗੁਰੂ ਜੀ ਕੇ ਮਨ ਤਥਾ ਰਿਦੇ ਮੇਂ ਵਸਨੇ ਕਾ ਪ੍ਰਭਾਵ ਹੈ ਸਾਮਰਥ ਹੈ। ਔਰ ਸੁਵਰਣ ਰਜਤ ਆਦੀ ਜਿਤਨੇ ਧਰਮ ਕਰਮ ਹੈ ਸਾਰੇ ਧਨ ਵਿਕਾਰੋ ਕੋ ਉਤਪਤ ਕਰਣੇ ਹਾਰੇ ਹੈ ਤਥਾ ਮਿਥਯਾ ਰੂਪ ਹੈ ਜਿਹਾ ਰਹਨੇ ਵਾਲੇ ਨਹੀਂ ਹੈਂ ਉਤਪਤੀ ਇਸਥਿਤੀ ਨਾਸ ਰੂਪ ਤੀਨਹੁ ਕਾਲਹੁ ਮੈ ਰੀਤੀ ਸੇ ਕਸ਼ਟ ਦੇਣੇ ਹਾਰੇ ਹੈਂ। ਜਿਸ ਸਾਧੁ ਸੰਗ ਵਿਖੇ ਪੂਰਬ ਉਕਤ ਊਪਰ ਕੇ ਕਹੇ ਹੂਏ ਸਰਬ ਸੁਖ ਪਦਾਰਥ ਰਾਜਯ ਭੋਗ ਪ੍ਰਾਪਤ ਹੋਤੇ ਹੈਂ ਹਮ ਤੋ ਤਿਸ ਵਿਭੂ ਪਾਰਬ੍ਰਹਮ ਪਰਮੇਸ਼ਵਰ ਜੀ ਕੇ ਆਗੇ ਸਦਾ ਹੀ ਇਹੀ ਪ੍ਰਾਰਥਨਾ ਕਰਤੇ ਰਹਤੇ ਹੈਂ ਕੇ ਹੇ ਪ੍ਰਭੋ, ਹੇ ਨਾਥ, ਹੇ ਭਗਵਤ ਭਗਤ ਵਤਸਲ, ਹੇ ਪਤਿਤ ਪਾਵਨ ਹਮਾਰੇ ਊਪਰ ਤੋ ਐਸੀ ਹੀ ਕ੍ਰਿਪਾ ਕਰਨੀ ਕਯਾ ਤਿਸ ਸਾਧ ਸੰਗਤ ਮੈ ਹਮਾਰਾ ਨਿਵਾਸ ਕਰਾਵਹੁ ਸੰਤਹੁ ਕੇ ਸੰਗ ਮੈ ਮੁਝ ਕੋ ਅਸਥਾਨ ਦੇਵਹੁ ਜੋ ਆਪ ਕੋ ਅਤਿ ਪਯਾਰਾ ਸਤਸੰਗ ਹੈ ਜਿਸ ਸਾਧਸੰਗ ਮੈ ਨਿਵਾਸ ਹੋਣੇ ਸੇ ਸੁਖੋਂ ਕੇ ਸਮੂਹ ਪ੍ਰਾਪਤ ਜੀਵਕੋਂ ਕੋ ਹੋਤੇ ਹੈਂ ॥੮॥੨੦॥

ਸੋ ਹੇ ਰਾਜਨ ਤੁਮ ਨਾਨਾ ਪ੍ਰਕਾਰ ਕੇ ਪੇਠੇ ਕੇ ਸਵਾਦੂ ਪਦਾਰਥ ਸਰਬਤ ਕੇਵੜੇ ਆਦਿਕੋਂ ਕੇ ਸੁਗੰਧੀ ਵਾਲੇ ਪਾਨ ਕਰਤੇ ਹੋ ਸੋਈ ਪਾਨ ਕੇ ਪਦਾਰਥ ਕੇਵਲ ਬਿਕਾਰੋਂ ਕੋ ਹੀ ਉਤਪਨ ਕਰਨੇ ਹਾਰੇ ਹੈਂ। ਸੰਤਜਨ ਤੋ ਸ੍ਰੀ ਠਾਕੁਰ ਜੀ ਕਾ ਨਾਮ ਰੂਪੀ ਅੰਮ੍ਰਿਤਪਾਨ ਕਰ ਕੇ ਤ੍ਰਿਪਤ ਹੋ ਰਹਤੇ ਹੈ ਔਰ ਮਿਥਯਾ ਪਦਾਰਥ ਕੇ ਪਾਨ ਕਰਨੇ ਕੀ ਇਛਾ ਨਹੀ ਕਰਤੇ ਹੈ ਕਾਹੇ ਤੇ ਯੇ ਮਿਥਯਾਪਨ ਆਦਿਕੋਂ ਕੇ ਪਦਾਰਥ ਉਲਟਾ ਤ੍ਰਿਸ਼ਨਾ ਰੂਪੀ ਰੋਗ ਕੋ ਉਤਪਤ ਕਰਤ ਹੈ ਇਸ ਅਰਥ ਮੈ ਭੀ ਗੁਰੂ ਸਿਮ੍ਰਤੀ ਪ੍ਰਮਾਣ ਹੈ ॥

## ਬਾਬਾ ਸਾਹਿਬ ਸਿੰਘ ਜੀ ਬੇਦੀ ਫ਼ਰੀ ਮੈਟਰਨਿਟੀ ਹਸਪਤਾਲ

ਬਰਾਊਨ ਹਸਪਤਾਲ ਲੁਧਿਆਣਾ ਦੇ ਪ੍ਰਬੰਧ ਹੇਠ ਦਮਦਮਾ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਨਸੂਰਾਂ ਵਿਚ ਫ਼ਰੀ ਮੈਟਰਨਿਟੀ ਹਸਪਤਾਲ ਖੁਲ੍ਹ ਗਿਆ ਹੈ ਜਿਸ ਦੀ ਆਰੰਭਕ ਰਸਮ 21 ਅਪਰੈਲ 1975 ਦਸਵੀਂ ਵਾਲੇ ਦਿਨ ਸ: ਸੇਵਾ ਸਿੰਘ ਜੀ ਡਿਪਟੀ ਕਮਿਸ਼ਨਰ ਜ਼ਿਲਾ ਲੁਧਿਆਣਾ ਅਦਾ ਕਰਨਗੇ।

ਦਮਦਮਾ ਅਸਥਾਨ ਵਲੋਂ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ 5 ਕਮਰੇ, ਦਵਾਈਆਂ ਲਈ 500 ਰੁਪਏ ਮਹੀਨਾ ਤੇ ਹੋਰ ਲੋੜੀਂਦਾ ਖਰਚ ਅਤੇ ਸਾਮਾਨ ਦੇਣਾ ਪਰਵਾਨ ਕਰ ਲਿਆ ਹੈ। ਇਲਾਕਾ ਨਿਵਾਸੀਆਂ ਦੇ ਲਾਭ ਲਈ ਦਮਦਮਾ ਅਸਥਾਨ ਵਲੋਂ ਇਹ ਉੱਦਮ ਕੀਤਾ ਗਿਆ ਹੈ। ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਇਸ ਕਾਰਜ ਵਿਚ ਆਪ ਸਹਾਈ ਹੋਣਗੇ। ਇਲਾਕਾ ਨਿਵਾਸੀ ਇਸ ਸ਼ੁਭ ਕਾਰਜ ਤੋਂ ਲਾਭ ਉਠਾਉਣ।

(ਸੇਵਾਦਾਰ ਦਮਦਮਾ ਅਸਥਾਨ)

# NANAK
## The Founder of Sikhism

General Sir O' Moore Creagh*

Nanak, the founder of Sikhism, was born in A.D. 1469, he was the son of a village shopkeeper of the Bedi sub-divison of the Kshatris (bania). His father, through not wealthy, was a respectable man. He is said to have commenced preaching when a little over ten years of age and so to have reigned as Guru over sixty, years. He died in A.D. 1538 [ ? 1539 ], aged about seventy-one. As is the custom of Hindus, he married early and had two sons, whom, with his wife, he left in his father's house in the village of Talwandi on the Ravi while he was a wanderer.

He travelled for several years through India, Ceylon, Afghanistan, Persia and Arabia. He was accompanied in his travels by his village mirasi (musician). a Musalman named Mardana, whom he had converted to his views, and Lahna, a man of his own caste who subsequently became his successor, Bala, a Jat, nad one Budha. These names are venerated among Sikhs, Nanak was devoted to music and poetry. His praise of the Divinity and his admonitions to his disciples he put into verses and sang them to his followers to the accompaniment of the rabab, a kind of guitar, played by Mardana, who was a skilful musician. In the Sikh worship to-day music is a necessity.

In his travels, in which he spent several years, returning home periodically, he mixed with pepole of all religions and studied their various beliefs. Many stories are told of him while on his wenderings. To relate them all would take volumes. I will mention two which are charecteristic.

It is said that while at Mecea he was found sleeping with his feet to the Kaaba and brought before the Kazi (judge), who said, "Infield ! how dare you dishonour God's house by turning your feet to it ?" Nanak replied : "Turn them, if you can, in a disection where the house of God is not."

On his return home after a long absence on one of his journeys, his father, mother, father-in-law, uncle and other relatives entreated him to abandon his

wandering habits for the sake of his wife and children. He refused, replying as follows: "Forgiveness is my mother, patience my father, truth my uncle; with these as my companions I have controlled the mind."

After many years of wandering and preaching he had converted a large number of people to his doctrines, especially in the Punjab. They were nearly all of Hindu castes, mostly Jats, Gujers and other aboriginal tribes; his faith was accepted by few Musalmans. All his converts regarded him as a saint and patriarch. About A.D. 1526 he changed his wandering habits and settled down on the banks of the Ravi at a place now known as Dera Baba, Nanak (the residence of the venerable Nanak), where.he was joined by his family. He lived there in great state, which he was enabled to do by the large contributions brought to him by his disciples. He established almshouses in which thousands of poor people were fed; his example has made charity a religious duty to his followers; he was visited by immense numbers of persons of all creeds from every part of Central Asia who were drawn to him by his eloquence and learning.

He acquired much wealth and founded the town of Kartarpur (holy man's town) in the Jallandar [ ? Gurdaspur ] District, where he bulit a Dharamsala (religious rest house)) which exists to-day, and is a place of great sanctity.

The life of Nanak was devoted to endeavours to remove the religious and social differences between the warring sects of India, especially between Hindus and Musalmans, by inculcating peace and brotherly love to one another and to all mankind. He opposed the custom of Satti and all superstition.

He preached the unity of "God who is all in all, the Creator, the Lord of Hosts, the one God, self-existent, incomprehensible ommipotent, without beginning and everlasting." Good deeds he said are nothing in themselves, the knowledge of the true God is the only way to salvation. He stricitly prohibited idolatry.

No prophet or holy man, he taught, has the power to do good or evil to anyone—everything comes from God, who alone must be depended on. Holy men could only interpret. His commands. He said he had read the Koran, the Vedas and Puranas, but ture religion he could find in none of them. Yet he respected all these books as containing some truth which he recommended his disciples to seek out and act on. He believed in the transmigration of souls and maintained that after undergoing the prescribed course of punishment for sins committed in this life, the soul will eventually find a blissful rest in God. He maintained that there was only the one true and pure religion, which he taught, and that all men were equal before God, He said that. excluding it, the numerous

religions and castes which hod sprung up in the world were the device of men. Although in his early life he had been a wonderer and had lived an ascetic life, he did so only the better to search for truth. After he had seen the world and gained much knowledge by his great experience of mankind he renounced asceticism and wandering, from which he had derived all the advantages he sougkt. He then lived with his family among his disciples as a patriach. He taught them that abondonment of the world was quite unnecessary as God treated all with equal favour, that "between the fakir in his cell and the king in his palace no difference is made by him." The doctrines of this great reformer, written by himself, are contained in Granth Sahib, or holy book of the Sikhs, and are included in the first part of it which is called the Adi-Granth subsequently compiled by one of his successors. the Guru Arjan, to distinguish it from the second part, composed by another of them, Sri Guru Gobind Singh, which is called the Daswin Badshah Ka Granth (the holy book of the Tenth King).

Nanak never professed to possess mirapculous powers. Never theless his credulous followers ascribe various miracles to him. One of these is supposed to be the origin of the national Sikh salutation, "Wah Guru Ji !" It is said that these words, meaning "well done, Guruji !" were imparted to him by a voice from heaven.

Another miracle is related as follows to account for the sanctity of Amritsir, the holy city of the Sikhs. It is said Nanak, becoming thirsty, asked a man attending cattle to bring him a drink of water from a tank close by. The man replied that he had just passed it and found it dry. Nanak said, "Go and see." He went and found it full of water and at once became a disciple. How Nanak confounded some Brahmans show him to have been a man confounded some Brahmans shows him to have been a man of much humour. They were engaged in offering an oblation of water to the dead. With their faces to the East, as their ceremonial dictates, they threw handfuls of water towards the sun. Nanak was standing close by and, facing the West, began to imitate their actions. They indignantly asked him what he was doing. He replied: I am irrigating my fields in Kartarpur." They answered ; "At such a distance how can a handful of water reach them ?" The reply was : "If the handful of water cannot reach my crops which are in this world, how can your handfuls reach the dead in the next ?"

Nanak called his followers Sikhs (disciples); he never contemplated that the Guruship should become hereditary, which it did subsequently. Some time before

his death he had considered the question of his successor; he had devoted his life to the preaching of virtue and righteousness, he was quite unselfish and only had the good of his religion and the prosperity of his people at heart; he therefore selected the man whom he considered most fit. His choice fell on Lahna, a Kshatri, to which caste he himself belonged, who had not very long been a Sikh, but in whose devotion and sincerity he had complete reliance. The final test Nanak put to his devotion is thus recorded. "Seeing the dead body of a man lying on the roadside, Nanak said: 'Ye who have confidence in me partake of this food.' All including the Guru's sons, shrunk from such an act, except Lahna, who was about to carry out the order when Nanak stopped him. He then embraced him and decreed that from the moment he had done so his spirit had gone into Lahna's body and he must be regarded as himself. He changed his name from Lahna to Angi Khud, shortened to Angad, meaning 'my own body.' From this incident the Sikhs consider the spirit of Nanak was inherited by his successor in the Guruship.

Nanak died aged seventy-one years in A.D. 1539 at Kartarpur. A samadh (memorial) was erected to his memory, but it has long since been washed away by a change in the bed of the Ravi. Many relics of him are shown in this town.

On his death it is said that there was a dispute between the Hindus and Musalmans as to who should perform his obsequies. The former burn their dead and the latter bury them, so to prevent trouble it was resolved the Guru should be neither buried nor burnt, but that his remains should be consigned to the river. When the funeral party arrived, on raising the sheet should be divided and each sect should have a part and dispose of it according to their respective rites.

This story shows the great respect in which the Guru was held by both Hindus and Musalmans.

The Guru left two sons; his descendants are called Nanak-putras, or descendants of Nanak, and are treated with great respect to-day by all Sikhs, who give them the title of Sahibzada.

The religion of Nanak continued to spread peacefully. The Sikhs met every six months at Amritsar and, continuing to follow the pure and mild tenets of their religion, formed a religious commonwealth the object of which was to peacefully propagate their faith by preaching. The Guruship had now become hereditary. Persecution was, however, soon to drive them into other methods and force their religious commonwealth to become a military one.

# ਪੁਰਾਤਨ ਜਨਮ ਸਾਖੀ

(ਬਾਬਾ ਮੇਹਰਬਾਨ ਜੀ ਸੋਢੀ ਵਾਲੀ, ਵਿਚੋਂ)

## ਖ਼ੁਦਾ ਦਾ ਰਸਤਾ

ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਮੁਲਾਂ ਨਾਲ)

ਤਬ ਮੁਲਾਂ ਓਠ ਖੜਾ ਹੋਇਆ ਜਿ 'ਕਿਆ ਹਿੰਦੂ ਕਿਆ ਮੁਸਲਮਾਨੁ; "ਨਾਨਕ ਜੀ ਸਲਾਮਤਿ ! ਤੂੰ ਏਹੁ ਰਾਹੁ ਖੁਦਾਇ ਦਾ ਬਤਾਇ ਅਸਾ ਕਉ ਜਿਤੁ ਖੁਦਾਇ ਪਾਈਐ।' ਤਬ ਗੁਰੂ ਬਾਬਾ ਨਾਨਕ ਜੀ ਬਾਨੀ ਬੋਲਿ ਉਠਾ—ਸ੍ਰੀ ਰਾਗ ਮਹਿ ਸਰੀਤਿ ਮਹਿ ਜਿ:—

ਮਤੁ ਜਾਣ ਸੀ ਗਲੀ ਪਾਇਆ ਹੀ॥
ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥

ਤਿਸੁ ਕਾ ਪਰਮਾਰਥੁ:—

ਜਿ 'ਏ ਮੁਲਾ ! ਜੇ ਤੂੰ ਖੁਦਾਇ ਦਾ ਰਾਹੁ ਪਾਵਣ ਦਾ ਲੋੜਦਾ ਹੈ ਤਾ ਈਵ ਮਤੁ ਜਾਣਹਿ ਜਿ ਗਲੀਂ ਕੀਤੀ ਖੁਦਾਇ ਦਾ ਰਾਹ ਪਾਈਦਾ ਹੈ । ਪਣੁ ਜੀ; ਜਿ ਰਾਹੁ ਦਸਾਈਐ ਅਰ ਚਲੀਐ ਨਾਹੀ ਤਾ ਗਲੀਂ ਕੀਤੀ ਕਹੀਦੀ ਰਾਹੁ ਕਟੀਐ ਨਾਹੀ ਕਿ ਨਾ । ਪਣੁ ਜੇ ਰਾਹਿ ਥੋੜਾ ਥੋੜਾ ਚਲੀਐ ਤਾ ਭੀ ਰਾਹਿ ਪਹੁਚੀਐ । ਮੁਲਾਂ ! ਗਲੀ ਪਹੁਚੀਦਾ ਨਾਹੀ; ਕਰਤੂਤਿ ਕਮਾਉ ਖੁਦਾਇ ਦਾ ਰਾਹ ਪਾਵਹਿਗਾ । ਅਰੁ ਜੇ ਮਾਲ ਦਾ ਮਾਣਾ ਕੀਚੈ; ਰੂਪ ਕੀ ਸੋਭਾ ਕੀਚੈ ਤਾਂ ਈਵ ਨਾਹੀ ਪਾਇਆ ਜਾਂਦਾ । ਜਾ ਏਹ ਹਵਾਇ ਸਾਰੀ ਮਨ ਥੀਂ ਦੂਰ ਹੋਇ ਤਾਂ ਕਿਛੁ ਰਾਹ ਦੀ ਸੋਧਿ ਪਾਈਐ । ਚਲਣਾ ਰਾਹ ਦਾ ਅਰੁ ਅਪੜਣਾ ਦਰਗਾਹ ਦਾ ਹੋਰੁ ਹੈ।'' ਕਹੈ 'ਨਾਨਕ ਜੀ ਸਲਾਮਤਿ ! ਜਿਸੁ ਰਾਹਿ ਅਪੜੀਦਾ ਹੈ; ਉਹ ਰਾਹੁ ਦਸੀਐ ।' ਤਬ ਗੁਰੂ ਬਾਬੇ ਨਾਨਕ ਜੀ ਕਹਿਆ :—

ਅਮਲੁ ਕਰਿ ਧਰਤੀ ਬੀਜੁ ਕਰਿ ਕਲਮਾ ਸਚ ਕੀ ਆਬ ਨਿਤਿ ਦੇਹ ਪਾਣੀ ।
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜ਼ਕੁ ਇ ਏਵਿ ਜਾਣੀ ॥ ੧ ॥

ਤਿਸੁ ਕਾ ਪਰਮਾਰਥੁ —

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਮੁਲਾਂ ! ਅਮਲ ਸਾਲਹਿ, ਪਹਿਲਾ ਅਮਲ ਚੰ ਕਰਿ; ਏਹ ਦੇਹੀ ਸਾਧੀ ਜਾਵੈ । ਧਰਤੀ ਸਵਾਰੀ ਦਾ ਗੁਣੁ ਬੀਜੁ ਹੈ, ਜਾਂ ਸਵਾਰੀ ਧਰਤੀ, ਵਿਚਿ ਬੀਜੁ ਏਸੁ ਧਰਤੀ ਵਿਚ ਦਿਤਾ ਲੋੜੀਐ । ਬੀਜੁ ਕਿ ਮਿਲੈ ਏਸੁ ਧਰਤੀ ਵਿਚ? ਬੀਜੁ ਏਸੁ ਧਰਤੀ ਵਿਚਿ ਕਲਮਾ; ਸਿਫਤਿ ਖੁਦਾਇ ਦੇ ਨਾਵ ਦੀ ਕਰਿ; ਏਹੁ ਬੀਜੁ ਬੋਇ ਪਾਣੀ ਦਿਤੇ ਬਿਨਾ ਸਾਖ

ਜੰਮਦੀ ਨਾਹੀ। ਪਾਣੀ ਮਿਲੈ ਤਾਂ ਧਰਤੀ ਖੁਸ਼ੀ ਹੋਇ ਤਾਂ ਜੰਮੈ ਪਾਣੀ ਏਸੁ ਧਰਤੀ ਕਉਂ ਕਿਆ? ਪਾਣੀ ਸਚੁ ਬੋਲਣਾ। ਏਹੁ ਏਸੁ ਨੋ ਪਾਣੀ ਮਿਲੈ। ਜਿਉ ਏਹ ਬਾਹਰ ਦੀ ਸਾਖ ਬਗੈਰਿ ਪਾਣੀ ਸੁਕਿ ਜਾਂਦੀ ਹੈ। ਤਿਉਂ ਸਚ ਬਿਨਾਂ ਕਰਮਾ ਕੀ ਸਾਖ ਸੁਕਿ ਜਾਤੀ ਹੈ। ਜਾਂ ਏਵ ਸਭ ਕਮਾਵਹਿ ਤਾਂ ਤੂੰ ਕਿਰਸਾਣੁ ਹੋਹਿ ਅਰ ਈਮਾਨ ਤੇਰਾ ਜੰਮੈ। ਜਾਂ ਈਮਾਨੁ ਗੈਆ ਤਾ ਸਾਖ ਗਈ। ਜਾਂ ਈਮਾਨੁ ਸਾਬਤੁ ਰਹਿਆ ਤਾਂ ਸਾਖ ਭੀ ਜੰਮੀ।'

ਏਹੁ ਮਨੁ ਮੀਡਕੋ ਐਬੁ ਤਨਿ ਚੀਕੜੋ, ਕਵਲ ਕੀ ਸਾਰ ਤੈ ਨਾਹਿ ਪਾਈ॥
ਭਉਰੁ ਉਸਤਾਦ ਭਾਖਿਆ ਨਿਤ ਬੋਲੇ, ਕਿਉ ਬੂਝੈ ਜਾ ਨਾਹਿ ਬੁਝਾਈ॥ ੨॥

ਤਿਸੁ ਕਾ ਪਰਮਾਰਥੁ: —

ਤਬ ਗੁਰੂ ਬਾਬੇ ਜੀ ਕਹਿਆ ਜਿ 'ਏ ਮੁਲਾਂ! ਈਮਾਨੁ ਜਿ ਹੈ ਸੋ ਡੱਡੂ ਕੀ ਨਿਆਈ ਹੈ ਅਰੁ ਚਿਕੜ ਜਿ ਹੈ ਸਿ ਬਦੰਅਮਲ ਹੈ। ਅਰੁ ਕਮਲੁ ਜਿ ਹੈ ਸਿ ਪਰਮੇਸੁਰ ਕਾ ਨਾਮੁ ਹੈ। ਇਹੁ ਜਿ ਬਦ ਅਮਲ ਸਾਥਿ ਰਚਿਆ ਹੈ ਜਿ ਜਿਵੇਂ ਚਿਕੜਿ ਦੇ ਸੁਆਦਿ ਕਰਿ ਕਰਿ ਡੱਡੂ ਨੋ ਕਮਲੁ ਬਿਸਰਿ ਗੈਆ ਤਿਉ ਏਸ ਨੋ ਭੀ ਪਰਮੇਸੁਰੁ ਬਿਸਰਿ ਗੈਆ, ਪਾਪ ਕੈ ਸੁਆਦਿ ਕਰਿ ਕਰਿ। ਕਮਲੁ ਕੀ ਸਾਰ ਭਵਰ ਜਾਣਤੇ ਹੈਂ; ਡੱਡੂ ਕਿਉ ਕਰਿ ਜਾਣੈ? ਜਿਸ ਨੋ ਪਰਮੇਸੁਰੁ ਨਾਹੀ ਜਣਾਇਆ ਸੋ ਕਿਉ ਜਾਣੈ।'

ਆਖਣਾ ਸੁਨਣਾ ਪਵਨ ਕੀ ਬਾਣੀ ਏਹੁ ਮਨੁ ਰਤਾ ਮਾਇਆ॥
ਖਸਮ ਕੀ ਨਦਰਿ ਦਿਲਿ ਪਸਿੰਦਿ ਕਤਿ ਇਕ ਮਨਿ ਜਿਨੀ ਧਿਆਇਆ॥ ੩॥

ਤਿਸੁ ਕਾ ਪਰਮਾਰਥੁ:-

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ; 'ਕਾਜੀ! ਆਖਣ ਸੁਨਣੁ ਪਵਨੁ ਕੀ ਬਾਣੀ ਜੋ ਪਰਮੇਸੁਰ ਕਾ ਨਾਮੁ ਲੀਆ ਕਿ ਸੁਣਿਆ ਅਰੁ ਮਨ ਕੇ ਬਿਖੇ ਨ ਬਸਿਆ ਤਾਂ ਜੇਹਾ ਪਵਣੁ ਝਖੜੁ ਵਗਿਆ ਤੇਹਾ ਕੁ ਏਹੁ ਭੀ ਹੋਆ। ਸਾਹਿਬ ਕੀ ਏਸ ਉਪਰਿ ਤਉ ਹੀ ਨਜਰਿ ਹੋਇ, ਜਾਂ ਇਕ ਮਨਿ ਆਰਾਧੈ; ਤਾਂ ਹੀ ਏਸਨੋ ਸਾਹਿਬੁ ਮੇਹਰਬਾਨ ਹੋਇ।' ਤਬ ਕਾਜੀ ਕਹਿਆ ਜਿ 'ਜੀ! ਏਕ ਗਲਿ ਏਸਨੋ ਬਤਾਈਐ ਜਿਤੁ ਇਹ ਸਾਹਿਬ ਦਾ ਰਾਹੁ ਪਾਵੈ।' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ—

ਤ੍ਰੀਹ ਕਰਿ ਰਖੇ ਪੰਜਿ ਕਰਿ ਸਾਥੀ ਮੂਲ ਸੈਤਾਨੁ ਮੜੂ ਕਟਿ ਜਾਈ॥
ਨਾਨਕ ਬਿਨਵੈ ਰਾਹਿ ਪੈ ਚਲਣਾ ਮਾਲੁ ਧਨੁ ਕਿਤਨੋ ਸੰਜਿਆਈ॥

ਤਿਸੁ ਕਾ ਪਰਮਾਰਥੁ—

ਤਬ ਗੁਰੂ ਬਾਬੇ ਨਾਨਕ ਕਹਿਆ ਜਿ, 'ਪੰਜ ਵਖਤ ਨਿਵਾਜਾ ਕਰਨੀ ਹੈ, ਸਿ ਏਹਿ ਏਸ ਦੇ ਸਾਖੀ ਹੈਨਿ, ਏਹਿ ਤ੍ਰੀਹ ਰੋਜੇ ਹੈਨ ਸਿ ਏਸਦੇ ਰਖਵਾਲੇ ਹੈਨਿ। ਪੰਜ ਵਖਤ ਨਿਵਾਜ ਨਾਲ ਜੋ ਸਾਬੂਤ ਰਹੈ ਅਰੁ ਤ੍ਰੀਹ ਰੋਜੇ ਕਮਾਵੈ ਤਾ ਏਸਦਾ ਮੂਲ ਸਬੂਤੁ ਰਹੈ। ਮੇਡੂ ਮੂਲ ਤਾ ਏਸਦਾ ਸੈਤਾਨ ਕਟਿ ਨ ਜਾਈ ਜੇ ਤਾਂ ਏਹਨਾਂ ਨਾਲ ਏਹ ਸਾਕਰੂ ਰਹੈ। ਅਵਲਿ ਖੁਦਾਇ ਦੇ ਰਾਹ ਦਾ ਏਹ ਹੈ, ਮੁਲਾ! ਜੋ ਕਿਛੁ ਕਮਾਈ ਕਰਹਿ ਸਿ ਖੁਦਾਇ ਦੇ ਰਾਹਿ ਚਲਾਇ ਦੇਹ, ਸੰਜਿ ਰਖਣਾ

ਖੂਬੁ ਨਾਹੀ । ਖੁਦਾਇ ਦੇ ਰਾਹ ਨੌ ਸੌਈ ਪਹੁਚੈ ਜੋ ਮਾਲਿ ਨਾਲ ਪਿਆਰ ਨ ਕਰਈ । ਜੋ ਆਇਆ ਸਿ ਖੁਦਾਇ ਦੇ ਰਾਹਿ । ਜਿ ਗਇਆ ਸਿ ਖੁਦਾਇ ਦੇ ਰਾਹਿ । ਜਿਥੈ ਏਨਿ ਮਾਲ ਨਾਲ ਪਿਆਰ ਰਖਿਆ ਤਿਥੈ ਏਹ ਖੁਦਾਇ ਥੀਂ ਦੂਰ ਹੋਆ । ਸ਼ੇਖ ਫਰੀਦ ਭੀ ਕਹਿਆ ਹੈ ਜਿ—

ਮੂਲਾਂ ਅਕੈ ਤਾਂ ਲੋੜਿ ਮੁਕਦਮੀ, ਅਕੈ ਤਾ ਅਲਹੁ ਲੋੜਿ ॥
ਡੂ ਬੇੜੀ ਨ ਲਤ ਧਰਿ, ਮਤ ਵੰਞੈ ਵਖਰੁ ਬੋੜਿ ॥

'ਏ ਕਾਜੀ ! ਖੁਦਾਇ ਰਸੂਲ ਦਾ ਫੁਰਮਾਇਆ ਈਵ, ਜਿ ਕਾਜੀ ! ਮਾਲਿ ਨਾਲਿ ਪਿਆਰ ਨਾਹੀ ਕਰਨਾ । ਮਾਲੁ ਖੁਦਾਇ ਦ ਰਾਹਿ ਦੇਣਾ । ਤਾਂ ਖੁਦਾਇ ਨਾਲ ਵਾਸਲੁ ਹੋਵੇ । ਪਰ ਖੁਦਾਇ ਨੋ ਦਿਲ ਦੀ ਮੁਹੱਬਤਿ ਨਾਲ ਯਾਦਿ ਕਰਣਾ, ਏਹੁ ਖੁਦਾਇ ਦਾ ਰਾਹੁ ਹੈ ।''

ਤਾ ਖਾਨੁ ਸਿਰ ਰਖਿ ਰਹਿਆ ਬਾਬੇ ਨਾਨਕ ਦਿਆਂ ਪੈਰਾਂ ਉਪਰਿ । ਤਾ ਖਾਨਿ ਆਖਿਆ ਜਿ, 'ਨਾਨਕ ਜੀ ਸਲਾਮਤਿ ! ਤੇਰੇ ਦੀਦਾਰ ਦੇਖਣੇ ਦਾ ਅਸਾਨੋ ਏਹ ਹਾਸਲ ਹੋਵੈ ਜਿ ਅਸਾਨੋ ਖੁਦਾਇ ਕਿਵੈ ਬਖਸੇ ।' ਤਬ ਬਾਬੇ ਦਿਅਹੁ ਮੁਹਹੁ ਵਚਨ ਨਿਕਲਿਆ ਜਿ, 'ਜਾਹਿ ਖਾਨਿ ! ਤੇਰਾ ਦਰਗਾਹ ਦਾ ਜਾਮਨ ਹਉ, ਤੈਨੋ ਭਿਸਤਿ ਖੁਦਾਇ ਕੰਨਹੁ ਪਾਵਾਇਸਾਂ । ਤੇਰਾ ਨਾ ਕੋਈ ਏਥੇ ਹਿਸਾਬ ਲਏਗਾ ਨਾ ਆਗੈ ਕੋਈ ਲਏਗਾ, ਤੂੰ ਖੁਦਾਇ ਖਲਾਸੁ ਕੀਤਾ ਹੈ ।'' ਤਬ ਬਾਬੇ ਦਿਆਂ ਕਦਮਾਂ ਉਪਰਹੁ ਦਵਲਤ ਖਾਨ ਖਾਕ ਲੈ ਲੈ ਆਪਣੇ ਮਥੇ ਲਾਵੈ । ਤਬ ਦਲਵਤ ਖਾਨ ਥਾਵਹੁ ਵਿਦਾ ਹੋਇ, ਸਲਾਮਾ ਲੇਖੁ ਅਲੇਕੰ ਸਾਲਾਮੁ । ਉਥਹੁ ਗੁਰੂ ਬਾਬਾ ਨਾਨਕ ਜੀ ਵਿਦਾ ਹੋਆ । ਹਿੰਦੂ ਮੁਸਲਮਾਨ ਜਿਤਨੇ ਥੇ ਏਤਨੇ ਸਭਿ ਗੁਰੂ ਬਾਬ ਨਾਨਕ ਸਾਥਿ ਮਿਲ ਕਰਿ ਵਾਹੁ ਵਾਹੁ ਲਾਗੇ ਕਰਣੇ ਜਿ; 'ਵਾਹੁ ਨਾਨਕ ! ਵਾਹੁ ਨਾਨਕ ! ਧੰਨ ਨਾਨਕ ! ਘਰ ਭੰਡਾਰ ਦੁਨੀਆਂ ਕੇ ਸੁਖ ਤਿਆਗਿ ਨਿਕਲਿਆ ਪਰਮੇਸਰ ਕੇ ਭੈ ਕਰਿ ਕਰਿ ।' ਬੋਲਹੁ ਵਾਹੁਗੁਰੂ ।

ਸਲੋਕੁ ॥
ਸੰਚਿ ਸੰਚਿ ਸਗਲੇ ਗਏ, ਦੇ ਨਹੀ ਚਲਿਓ ਕੋਇ ॥
ਨਾਨਕ ਦਾਸ ਜੋ ਦੇ ਚਲੈ, ਮੀਤੁ ਹਮਾਰਾ ਸੋਇ ॥੧॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨ ਗੁਰੂ, ਸਤਿਗੁਰੂ । [ਰਾਮ ਸਤਿ, ਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥੩੨॥

## ਮਾਇਆ ਤਿਆਗ

### ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਮਣ ਨਾਲ)

ਤਬ ਪੰਜਾਬ ਕੀ ਧਰਤੀ ਨਗਰ ਸੁਲਤਾਨ ਪੁਰ, ਜਬ ਬ੍ਰਿਕਤੁ ਹੋਇ ਗੈਆਂ ਸੰਸਾਰ ਮਾਇਆ ਤੇ ਤਬ ਮਨੁ ਗੁਰੂ ਬਾਬੇ ਨਾਨਕ ਦਾ ਲਗਾ ਗਣਤੀ ਕਰਣੇ ਜਿ 'ਕਿਉ ਕਰਿ ਪਰਮੇਸੁਰੁ ਸਿਮਰੀਐ ? ਸਿ ਕਿਆ ਕੀਜੀਐ ? ਜੇ ਬੈਠ ਰਹਿੰਦਾ ਹਾਂ ਤਾਂ ਭਲਾ ਨਾਹੀ, ਅਰੁ ਬਣਿ ਨਾਹੀ ਆਂਵਦੀ । ਜੇ ਉਠਿ ਘਰਿ ਜਾਂਦਾ ਹਾਂ ਤਾਂ ਫਿਰਿ ਪੁਤਰ ਸਾਥਿ, ਇਸਤਰੀ ਸਾਥਿ, ਮਾਇਆ ਕੇ ਲਾਲਚ ਸਾਥਿ ਫਿਰਿ ਮਨੁ ਬਲਾਇ ਵਿਚਿ ਪੜਿ ਜਾਇਗਾ । ਅਰੁ ਜੇ ਈਹਾਂ ਰਹਿੰਦਾ ਹਾਂ ਤਾਂ ਏਹ ਫੇਰ ਮਾਇਆ ਕੇ ਲਾਲਚ ਮਹਿ ਪਾਵਹਿਗੇ । ਪਣੁ ਕਿਆ ਕਰੀਐ ? ਸੈਸਾਰ ਮਾਇਆ ਤੇ ਕਿਉ ਕਰ ਛੁਟੀਐ, ਜੇ ਪਰਮੇਸਰ ਜੀ

ਕਾ ਨਾਮੁ ਅਰਾਧੀਐ ਬੈਠ ਕਰ ਅਰੁ ਮਾਇਆ ਲਗੈ ਨਾਹੀ । ਏਸ ਮਾਇਆ ਤੇ ਕਿਉਂ ਕਰ ਛੁਟੀਐ ? ਤਬ ਗੁਰੂ ਬਾਬਾ ਨਾਨਕ ਜੀ ਏਸੈ ਸੁਮਾਰ ਕੇ ਘਰਿ ਪੜਿ ਰਹਿਆ ਕਿਤਨੀਆਂ ਕਿ ਘੜੀਆਂ। ਤਬ ਗੁਰੂ ਬਾਬੇ ਨਾਨਕ ਜੀ ਮਨ ਮਹਿ ਬਿਚਾਰਿ ਕਰਿ ਬਾਨੀ ਬੋਲੀ—

ਸਲੋਕੁ ॥

ਰੇ ਮਨਿ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ ॥
ਆਗੈ ਬਾਘੁ ਡਰਾਵਨੋ ਪਾਛੈ ਅਗਨਿ ਤਲਾਉ ॥
ਸਹਸੈ ਜੀਅੜਾ ਪੜਿ ਰਹਿਆ ਮੁਝ ਕਉ ਅਵਰੁ ਨ ਕੋਈ ਢੰਗੁ ॥
ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤ ਸਿਉ ਸੰਗੁ ॥
ਬਾਘੁ ਮਰੈ ਮਨਿ ਮਾਰੀਐ ਜੇ ਸਤਿਗੁਰ ਦੀਖਿਆ ਹੋਇ ॥
ਆਪੁ ਪਛਾਣੈ ਸੋ ਹਰਿ ਮਿਲੈ ਤਿਸੁ ਬਹੁੜਿ ਨ ਮਰਣਾ ਹੋਇ ॥
ਚੀਕੜਿ ਹਥੁ ਨ ਡੋਬੀਐ ਏਕੋ ਨਜਰਿ ਨਿਹਾਲ ॥
ਨਾਨਕ ਗੁਰਮੁਖਿ ਉਬਰੇ ਗੁਰ ਸਰਵਰੁ ਸਚੀ ਪਾਲਿ ॥

ਤਿਸੁ ਕਾ ਪਰਮਾਰਥ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਮੇਰੇ ਮਨਿ ! ਹੁਣ ਤੂੰ ਡਿਗ ਡੋਲਿ ਛਡਿ ਦੇਹ, ਸਿਧਾ ਹੋਇ ਕਰਿ ਪਰਮੇਸਵਰ ਕੇ ਰਾਹਿ ਚਲੁ । ਖੂੰਜੇ ਖਰਲੇ ਜਿ ਤਕਦਾ ਹੈਂ ਸੋ ਇਹ ਕਿਛੁ ਨਾਹੀ । ਹੋਰ ਤਕ ਛਡਿ ਕਰ ਤੂੰ ਏਕ ਟੇਕ ਹਰਿ ਕੇ ਦਰਸ਼ਨ ਕੀ ਰਾਖੁ । ਡੀਗ ਡੋਲ ਛਡ ਕਰ ਪਰਮੇਸਵਰ ਕੇ ਨਾਮ ਰੰਗ ਸਿਉਂ ਦਉੜੁ । ਜੇ ਤਾਂ ਤੂੰ ਘਰਿ ਟਿਕਹਿਗਾ ਤਾਂ ਏਥੇ ਤੈਨੂੰ ਮਾਇਆ ਕੀ ਅਗਨਿ ਕਾ ਸਹੰਸਾ ਜਲਾਇ ਲੇ ਜਾਇਗਾ । ਏਸ ਅਗਨਿ ਦੇ ਤਲਾਵ ਵਿਚ ਤੂੰ ਪੈ ਕੇ ਮਤਿ ਜਲਹਿ । ਮਾਇਆ ਅਰੁ ਗ੍ਰਿਹਸਤ ਜੋ ਹੈ ਸਿ ਅਗਨਿ ਕਾ ਤਲਾਉ ਹੈ, ਅਗਨਿ ਕੇ ਤਾਲਾਵ ਮਤਿ ਜਲਹਿ ਜੀ । ਇਹ ਤੁਮ ਕਉ ਮਾਇਆ ਕੀ ਚਿੰਤਾ ਜਲਾਵੇਗੀ ਅਰੁ ਅਗੈ ਜਿ ਬਾਘੁ ਘੂਰਦਾ ਹੈ ਤੁਮ ਕਉ ਖਾਣੇ ਕਉ । ਜਮੁ ਜਿ ਅਗੈ ਹੈ ਸਿ ਮਾਰਿ ਪਛਾੜੇਗਾ । ਏਕੈ ਅੰਗਿ ਗ੍ਰਿਹਸਤ ਮਾਇਆ ਕੀ ਅਗਨਿ ਚਿੰਤਾ ਜਲਾਵੇ ਸਿ ਪੜੇ ਭਠਿ । ਏਹ ਤੂੰ ਛੋਡਿ, ਦੁਨੀਆਂ ਕੇ ਸਹਿੰਸੇ ਵਿਚ; ਲਾਲਚ ਵਿਚ; ਜੀਉ ਮਤੁ ਤੂੰ ਬਾਹਹਿ । ਸਹੰਸਾ ਛੋਡ ਕਰ ਭਜਨ ਕਉ ਦੌੜ । ਇਸ ਮਾਇਆ ਕਉ ਛੋਡਿ ਕਰ ਭਜੁ ਹਰਿ ਕਉ; ਇਹ ਪੜੀ ਭੱਠੀ । ਹੋਰ ਤੇਰਾ ਰਖਣਹਾਰਾ ਜੀਅ ਕਾ ਬੇਲੀ ਕੋਈ ਨਾਹੀ ਬਿਨਾ ਹਰਿ ਪ੍ਰੀਤਮ ਤੇ । ਤੂੰ ਉਸੇ ਹੀ ਪ੍ਰੀਤਮ ਸਉਂ ਅਸਨੇਹ ਕਰ, ਤੇਰਾ ਉਹੀ ਸਹਾਈ ਹੈ । ਜਬ ਤੂੰ ਗੁਰਮੁਖਿ ਗਿਆਨ ਕਮਾਵਹਿਗਾ; ਹਰਿ ਸਿਉਂ ਪ੍ਰੀਤ ਵਧਾਵਹਿਗਾ ਤਬ ਹੀ ਤੂੰ ਛੂਟਹਿਗਾ ਜਮ ਤੇ । ਅਰੁ ਜਮੁ ਬਾਘੁ ਕੈਸਾ ਹੈ ? ਜਿ ਕਿਤੇ ਉਪਾਇ ਨਾ ਛੋਡੇਗਾ ਤੁਮ ਕਉ । ਜਿ ਤੂੰ ਬਾਘੁ ਕਉ ਮਾਰਹਿਗਾ ਤਬ ਜਮ ਤੇ ਛੁਟਹਿਗਾ । ਜਮ ਕਉ ਜਿ ਇਹ ਮਾਰੇ ਸਿ ਕਿਉਂ ਕਰ ਮਾਰੈ ? ਕਹੈ, ਜੀ ਬਾਘੁ ਤਬ ਹੀ ਮਰੈ, ਜਬ ਮਨ ਕਉ ਤੂੰ ਮਾਰਹਿ । ਜਬ ਮਨੁ ਮਾਰਿਆ ਤਬ ਜਮੁ ਮੂਆ; ਇਹ ਅਕਾਲੁ ਹੂਆ, ਮਰਣੇ ਤੇ ਰਹਿਆ । ਮਨੁ ਜਿ ਮਰੈ ਸਿ ਕਿਉਂ ਕਰਿ ਮਰੈ ? ਕਹੈ; ਜੀ ਮਨੁ ਤਬ ਹੀ ਮਰੈ ਜਬ ਸਤਿਗੁਰ ਕੀ ਮਤਿ ਲੇਵੈ; ਤਬ ਮਨੁ ਮਰੈ ! ਜਬ ਮਨੁ ਮੂਆ ਤਬ ਬਾਘੁ ਮਾਰਿਆ, ਜਬ ਏਨਿ ਗੁਰਮੁਖਿ ਗਿਆਨੁ ਕਮਾਇਆ ਤਬ ਏਨਿ ਆਪੁ ਜਾਤਾ । ਜਬ ਏਨਿ ਆਪੁ ਪਛਾਇਆ ਤਬ ਏਹ

ਮਨੁ ਹਰਿ ਕਉ ਮਿਲਿਆ। ਜਬ ਏਹੁ ਜੀਉ ਹਹਿ ਕਉ ਮਿਲਿਆ ਤਬ ਏਹ ਬਹੁੜਿ ਮਰਨੇ ਤੇ ਰਹਿਆ। ਏਹ ਅਕਾਲੁ ਹੂਆ। ਜਹਾਂ ਅਜੂਨੀ ਸੈਭੰ ਕਾ ਬਾਸਾ ਥਾ ਤਹਾਂ ਤੇਰਾ ਹੋਇਆ ਬਾਸਾ! ਰੇ ਮਨ! ਤੂੰ ਮਾਇਆ ਛਡਿ। ਜੋ ਕਿਛੁ ਨਜਰਿ ਆਵਤਾ ਹੈ ਮਾਇਆ ਕਾ ਪਸਾਰਾ; ਸੁ ਸਭ ਕੂੜ ਹੈ। ਛਪੜੀ ਛਡਿ ਸਚ ਕੇ ਸਰਵਰਿ ਸਨਮੁਖ ਹੋਇ ਕਰ ਤੂੰ ਨਾਉ। ਤਬ ਤੂੰ ਉਬਰਹਿਗਾ।" ਤਬ ਇਹੀ ਬਾਤ ਗੁਰੂ ਬਾਬੇ ਨਾਨਕ ਜੀ ਕੇ ਜੀ ਬਸੀ, ਲਾਗਾ ਸਿਮਰਨੁ ਕਰਣੇ ਪਰਮੇਸੁਰ ਜੀ ਕਾ, ਲਾਗਾ ਸਿਫਤਿ ਸਾਹਿਬ ਕੀ ਕਰਨੇ। ਬੋਲਹੁ ਵਾਹਿਗੁਰੂ।

ਸਲੋਕੁ ॥

ਜੈਸੀ ਗੁਰ ਨਾਨਕ ਕਰੀ, ਐਸੀ ਕਰੈ ਜੇ ਕੋਇ ॥
ਤਤਕਾਲ ਠਾਕੁਰੁ ਮਿਲੈ, ਬਹੁਰਿ ਨ ਮਰਨਾ ਹੋਇ ॥੧॥
ਏਹ ਗੋਪੀ ਚੰਦਿ ਭਰਥਰੀ ਕਰੀ, ਰਾਜੁ ਛੋਡਿ ਲੀਆ ਜੋਗੁ ॥
ਰੰਗਿ ਰਤੇ ਪਾਰਬ੍ਰਹਮ ਕੇ, ਤਜਿ ਮਾਇਆ ਕਾ ਭੋਗੁ ॥ ੨ ॥
ਅਵਰ ਭਗਤ ਸਭਿ ਭਲੇ ਹੈ, ਤਿਨ ਕਉਂ ਮਾਇਆ ਮੋਹਿ ਨ ਜਾਇ ॥
ਓਹ ਹਰਖ ਸੋਗ ਕੋ ਤਿਆਗਿ ਕਰਿ, ਹਰਿ ਚਰਨਿ ਰਹੇ ਲਪਟਾਇ ॥੩॥
ਰਾਜੁ ਛੋਡਿ ਕਰਿ ਜੋ ਹਰਿ ਭਜੈ, ਤਿਨਕੀ ਨਾਹੀ ਰੀਸ ॥
ਦਾਸੁ ਨਾਨਕੁ ਤਿਨ ਬਲਿਹਾਰਨੇ, ਉਹੀ ਭਗਤੁ ਉਹੀ ਜਗਦੀਸ ॥ ੪ ॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨ ਗੁਰੂ, ਸਤਿਗੁਰੂ। ਰਾਮ ਸਤਿ, ਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥ ੩੩ ॥

# ਸੁਲਤਾਨ ਪੁਰੋਂ ਚੱਲੇ – ਪਹਿਲੀ ਉਦਾਸੀ

## ਗੋਸਟਿ ਗੁਰੂ ਬਾਬੇ ਨਾਨਕ ਜੀ ਕੀ

ਤਬ ਸੁਲਤਾਨ ਪੁਰ ਤੇ ਗੁਰੂ ਬਾਬਾ ਮਰਦਾਨੇ ਕਉ ਸਾਥ ਲੇ ਕਰ ਚਲੇ, ਤਬ ੨ ਬਰਸ ਸੁਲਤਾਨ ਪੁਰ ਮਹਿ ਗੁਰੂ ਬਾਬਾ ਰਹਿਆ। ਬਹੁੜਿ ਸੁਲਤਾਨ ਪੁਰ ਤੇ ਰਮੇ ਗੁਰੂ ਬਾਬਾ ਨਾਨਕ, ਪੰਜਾਬ ਕੀ ਧਰਤੀ ਜਦ ਪਹਿਲੀ ਹੁਥਿ ਪਰਮੇਸੁਰ ਕੇ ਦਰਸਨ ਕੀ ਲਾਗੀ; ਤਬ ਉਦਾਸੀ ਬਾਨੀ ਤਰੀਕਤਿ ਕੇ ਘਰਿ ਮਹਿ ਲੇ ਉਠਾ; ਗਉੜੀ ਰਾਗ ਮਹਿ, ਕਹਿਆ, ਜੋ "ਸਾਹਿਬ ਕਉ ਮਿਲਉ ਸਿ ਕਿਉਂ ਕਰਿ ਮਿਲਉ; ਕਿਸ ਕੀ ਨਿਆਈਂ?" ਕਹੈ:—

ਹਰਣੀ ਹੋਵਾ ਬਨਿ ਬਸਾ, ਕੰਦ ਮੂਲ ਚੁਣਿ ਖਾਉ ॥
ਗੁਰ ਪਰਸਾਦੀ ਮੇਰਾ ਸਹੁ ਮਿਲੈ, ਵਾਰਿ ਵਾਰਿ ਹਉ ਜਾਉ ਜੀਉ ॥੧॥
ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥

ਤਿਸੁ ਕਾ ਪਰਮਾਰਥੁ:—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਏ ਪਰਮੇਸੁਰ! ਹਰਨੀ ਹੋਇ ਕਰਿ ਬਨਿ ਬੇ ਬਿਖੈ ਬਸਾਂ ਅਰੁ ਕੰਦਮੂਲ ਬਨ ਕੇ ਚੁਨ ਖਾਉਂ; ਅਰ ਨਿਰਾਹਾਰ ਰਹਉਂ; ਹਰਨੀ ਕੀ ਨਿਆਈਂ ਨਗਨ ਰਹਉਂ, ਕਿਸੀ ਅਵਰ ਕੇ ਮੁਖਿ ਨ ਲਾਗਉਂ; ਉਸ ਕੇ ਧਿਆਨ ਮਹਿ ਰਹਉਂ। ਮਤ ਉਸ ਕਾ ਦਰਸਨ

ਪਾਵਉ, ਸਾਹਿਬ ਕਾ। ਕਹੈ: ਏਉ ਭੀ ਨਾਹੀ ਪਾਇਆ ਜਾਤਾ। ਕਹੈ: ਪਾਈਐ ਸਿ ਕਿਉਂ ਕਰਿ ਪਾਈਐ। ਕਹੈ: ਬਿਨਾ ਗੁਰੂ ਥੀਂ ਇਉਂ ਇਤੁ ਰੂਪਿ ਭੀ ਪਾਇਆ ਨਾਹੀਂ ਜਾਤਾ। ਜਉ ਗੁਰੂ ਕਿਰਪਾਲੁ ਹੋਇ ਤਾਂ ਪਾਈਐ। ਭਾਈ ਜੀ! ਗੁਰੂ ਕੇ ਪਰਸਾਦਿ ਪਾਇਆ ਜਾਇ। ਜਿ ਤਉ ਅਵਰ ਉਪਾਉ ਕਿਛੁ ਕਰਿ ਨ ਸੱਕਉ ਤਉ ਬੈਪਾਰੀ ਬੈਪਾਰਨਿ ਹੋਵੰਉ ਸਾਹ ਜੀ ਕੀ। ਜਿਸੁ ਬੈਪਾਰਿ ਕਰਿ ਕਰਿ ਪਾਂਵਉ। ਸੁ ਕਵਨੁ ਬੈਪਾਰੁ ਹੈ? ਸੁ ਬੈਪਾਰ ਪਰਮੇਸੁਰ ਕਾ ਨਾਮੁ। ਜਿਸ ਵਖਰ ਕੈ ਬੈਪਾਰਿ ਕੀਐ ਪਰਮੇਸਰੁ ਮਿਲੇ। ਸੁ ਕਵਨੁ? ਨਾਮੁ ਵਖਰੁ ਹੈ, ਇਤੇ ਹੀ ਮਿਲਤਾ ਹੈ। ਨਾਮ ਬਿਨਾ ਜਿ ਅਵਰੁ ਵਖਰੁ ਹੈ ਤਿਤੁ ਨਾਹੀ ਮਿਲਤਾ।'

ਤਬ ਅੰਬ ਊਪਰਿ ਕੋਕਲਾ ਬੋਲੀ। ਤਬ ਗੁਰੂ ਸੁਨਿ ਕਰ ਕੋਕਲਾ ਕੇ ਸੁਭ ਬਚਨ ਖੁਸ਼ੀ ਹੋਇ ਰਹਿਆ। ਤਬ ਬਾਬੇ ਜੀ ਕਹਿਆ ਜਿ—

ਕੋਕਿਲ ਹੋਵਾ ਅੰਬਿ ਬਸਾ, ਸਹਜਿ ਸਬਦਿ ਬੀਚਾਰੁ ॥
ਸਹਿਜਿ ਸੁਭਾਇ ਮੇਰਾ ਸਹੁ ਮਿਲੇ, ਦਰਸਨ ਰੂਪਿ ਅਪਾਰੁ ॥੨॥

ਤਿਸੁ ਕਾ ਪਰਮਾਰਥੁ :-

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ; 'ਹਾ ਹਾ! ਜਿਸੁ ਸਹਜਿ ਏਹੁ ਕੋਕਲਾ ਬੋਲਤੀ ਹੈ ਅੰਬ ਮਹਿ; ਇਸੁ ਸਹਜਿ ਮਹਿ ਜੇ ਮੇਰਾ ਮਨੁ ਸਬਦ ਕੇ ਬੀਚਾਰ ਮਹਿ ਖੁਸ਼ੀ ਹੋਇ ਕਰਿ ਬੋਲੇ; ਤਉ ਸਹਜ ਸੁਭਾਵ ਸੰਉ, ਜੇ ਅਪਾਰੁ ਪੁਰਖੁ ਨਿਰੰਜਨੁ ਨਿਰੰਕਾਰੁ ਹੈ, ਅਨੂਪੁ ਦਰਸਨ, ਸਿ ਇਸੁ ਮਨੁ ਕੰਉ ਮਿਲੈ। ਜੇ ਐਸੇ ਸਹਜਿ ਗੋਬਿੰਦ ਕੇ ਗੁਣ ਗਾਵੈ। ਜਿਸੁ ਸਹਜਿ ਏਹੁ ਕੋਕਲਾ ਬੋਲਤੀ ਹੈ।'

ਤਬ ਗੁਰੂ ਬਾਬਾ ਨਾਨਕ ਜੀ ਚਲਤਾ ਚਲਤਾ ਦਰੀਆਵ ਕੇ ਕੰਠੇ ਊਪਰਿ ਆਇ ਠਾਂਢਾ ਭਇਆ। ਤਬ ਏਕ ਮਛੁਲੀ ਦਰੀਆਵ ਤੇ ਉਮੰਡਿ ਕਰ ਫੇਰਿ ਦਰਿਆਵ ਮਹਿ ਪੜੀ। ਤਬ ਗੁਰੂ ਬਾਬੇ ਨਾਨਕ ਕੇ ਮਨ ਮਹਿ ਬਹੁਤੁ ਅਨੰਦ ਮੰਗਲਚਾਰੁ ਸਹਜੁ ਉਪਜਿਆ ਜਿ 'ਹਾ ਹਾ ਕੈਸਾ ਇਸੁ ਮਛੁਲੀ ਕਾ ਨੀਰ ਸੰਉਂ ਹਿਤੁ ਹੈ।'

ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉਂ ਮਿਲੰਉਗੀ ਬਾਹ ਪਸਾਰਿ ॥੩॥

ਤਿਸੁ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਏ ਪਰਮੇਸੁਰ! ਜੈਸਾ ਇਸੁ ਮਛੁਲੀ ਨੀਰ ਸੰਉ ਪਰੇਮ ਹੈ। ਜੇ ਬਿਨਾ ਨੀਰ ਥੀਂ ਅਵਰ ਸੰਗਿ ਪਰੀਤ ਨਾਹੀ, ਬਿਨਾ ਨੀਰ ਥੀਂ ਮਰ ਜਾਤੀ ਹੈ। ਜੇ ਐਸਾ ਮਨ ਕਾ ਪਰੇਮੁ ਪਰਮੇਸੁਰੁ ਸੰਉ ਹੋਇ ਤਉ ਪਰਮੇਸੁਰ ਮਿਲੈ। ਜੀ ਭਾਈ ਜੀ! ਜਲਿ ਭੀ ਸ੍ਰੀ ਠਾਕੁਰੁ ਬਸਤਾ ਹੈ ਅਰੁ ਥਲਿ ਭੀ ਸ੍ਰੀ ਠਾਕੁਰੁ ਜੀ ਬਸਤਾ ਹੈ। ਏਸ ਕੰਉ ਭੁਜਾ ਪਸਾਰਿ ਕਰਿ ਆਪਿ ਹੀ ਸ੍ਰੀ ਠਾਕੁਰੁ ਜੀ ਮਿਲੈ, ਜੇ ਮਛੁਲੀ ਕੀ ਜੈਸੀ ਪਰੀਤ ਕਰੈ ਸ੍ਰੀ ਠਾਕੁਰ ਜੀ ਸੰਉ।' ਤਬ ਗੁਰੂ ਬਾਬਾ ਬਹੁੜਿ ਕਹਤਾ ਹੈ ਜਿ :—

ਨਾਗਨਿ ਹੋਵਾ ਧਰ ਵਸਾ, ਸਬਦੁ ਵਸੈ ਭਉ ਜਾਇ ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥

ਤਿਸੁ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ; 'ਜੀ ! ਧਰਨੀ ਕੇ ਬਿਖੇ ਪਰਮੇਸੁਰ ਸੁਨੀਤਾ ਹੈ ਤਉ ਧਰਨੀ ਮਹਿ ਕਿਉ ਕਰਿ ਜਾਈਐ ? ਕਹੈ, ਭਾਈ ਜੀ ਧਰਨੀ ਮਹਿ ਸਮਾਉ ਨਾਗਨਿ ਕਾ ਹੈ। ਏ ਪਰਮੇਸੁਰ ! ਜੇ ਹੰਉ ਨਾਗਨਿ ਹੋਵਾਂ ਤਾਂ ਧਰਤੀ ਕੇ ਵਿਖੇ ਬਸਉ" । ਜਿਉ ਉਹ ਧਰਨੀ ਕੈ ਜੋਰ ਕਰਿ ਨਿਰਭਉ ਹੋਇ ਬਸਤੀ ਹੈ ਤਿਉ ਜੇ ਗੁਰੂ ਕਾ ਜੋਰੁ ਸਬਦ ਮਨ ਕੈ ਬਿਖੈ ਬਸੈ ਤਬ ਏਸ ਕਾ ਜਨਮ ਮਰਨ ਕਾ ਸਹੰਸਾ ਦੂਖ ਕਾ ਭਉ ਜਾਇ। ਮਿਲਤਾ ਤਿਨਹੀ ਕੰਉ ਹੈ ਜਿਨ ਕੈ ਆਠ ਪਹਰ ਉਸ ਹੀ ਕਾ ਧਿਆਨੁ ਹੋਤਾ ਹੈ । ਅਵਰ ਠਵਰ ਮਨੁ ਨਾਹੀ ਹੋਤਾ । ਸਦਾ ਸਰਬਦਾ ਉਸ ਹੀ ਕੀ ਜੋਤਿ ਮਹਿ ਸਮਾਇ ਜਾਤਾ ਹੈ। ਪੂਰਨ ਧਿਆਨੁ ਪਰਮੇਸੁਰੁ ਕਾ ਕਰਤਾ ਹੈ । ਤਿਨ ਹੀ ਕੰਉ ਪਰਮੇਸੁਰੁ ਮਿਲਤਾ ਹੈ। ਆਪਣੀ ਜੋਤਿ ਉਨ ਮਹਿ ਲਪਟੀ ਹੈ । ਉਹ ਐਸਾ ਸਾਹਿਬ ਗਰੀਬ ਨਿਵਾਜੁ ਹੈ । ਬੋਲਹੁ ਭਾਈ ਜੀ ਵਾਹੁਗੁਰੂ ।

ਸਲੋਕੁ ॥

ਗਰੀਬ ਨਿਵਾਜੁ ਗੁਸਾਂਈਆਂ, ਕਰਹੁ ਦੈਆ ਨਾਮੁ ਦੇਹੁ ॥
ਧਨੁ ਜੋਬਨੁ ਅਰੁ ਰਾਜੁ ਪਾਟੁ ਕਾਮਿ ਨ ਮੇਰੈ ਏਹੁ ॥
ਅਵਰੁ ਪ੍ਰੀਤਿ ਸਭੁ ਭੁਲਿ ਪਰੀ ਤੁਝ ਸੰਉ ਅਸਨੇਹੁ ॥
ਨਾਨਕ ਦਾਸ ਹਰਿ ਭਜਨ ਬਿਨੁ ਨਾ ਕਿਛੁ ਨਾਉ ਨ ਥੇਹੁ ॥੧॥

ਬੋਲਹੁ ਭਾਈ ਵਾਹੁਗੁਰੂ, ਧੰਨ ਗੁਰੂ, ਸਤਿਗੁਰੂ । ਰਾਮੁ ਸਤਿ, ਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥ ੩੪ ॥

# ਮਾਇਆ ਤਿਆਗ ਦੀ ਮਹਾਨਤਾ

ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਮਰਦਾਨੇ ਨਾਲ)

ਤਬ ਗੁਰੂ ਬਾਬਾ ਨਾਨਕ ਵਸਦੀ ਕਦੇ ਜਾਇ ਨਾਹੀ ਜਾਂ ਕਦੇ ਊਖਮਾ ਜਾਗੈ ਤਾਂ ਮਰਦਾਨੇ ਨੋ ਗੁਰੂ ਬਾਬਾ ਨਾਨਕ ਜੀ ਕਹੈ ਜਿ 'ਪੁਰਖਾ ! ਤੈਨੋ ਕਿਛੁ ਉਖਮਾ ਜਾਗੀ ਹੈ । ਐਤੁ ਸੇਧਿ ਇਕੁ ਪਿੰਡੁ ਹੀ, ਉਤ ਪਿੰਡਿ ਜਾਇ ਕਰਿ ਤੂੰ ਬੱਚਾ ! ਪਰਸਾਦੁ ਲੈ ਆਓ।' ਤਬ ਮਰਦਾਨਾ ਉਸੁ ਠਵਰ ਤੀ ਚਲਿਆ, ਉਸ ਪਿੰਡਿ ਜਿ ਕੋਟੀ ਸਰੇਸ਼ਟ ਹੋਇ ਤਿਸ ਦੈ ਮਰਦਾਨਾ ਜਾਏ ਖੜਾ ਹੋਵੈ । ਉਹ ਆਇ ਮਰਦਾਨੇ ਦੀ ਪੈਰੀ ਪਵੈ । ਉਹੁ ਆਗੈ ਤੇ ਕਹੈ 'ਆਵਹੁ ਜੀ ! ਆਈਐ ਜੀ ! ਬਲਿਹਾਰ ਜਾਉ" ਤੇਰੇ ਦਰਸਨ ਕਉ; ਹਮਾਰੇ ਭਾਗਿ ਜਿ ਏਹੁ ਦਰਸਨੁ ਤੇਰਾ ਅਸਾਨੋ ਹੋਆ ਹੈ।' ਮਰਦਾਨੇ ਦੇ ਦਰਸਨ ਡਿਠਿਆਂ ਲੋਕ ਮਿਲ ਜਾਂਹਿ, ਜੇ ਏਵ ਕੋਈ ਨ ਪੁਛਈ, ਜਿ 'ਤੂੰ ਕਵਣ ਹੈ, ਕਿਥਹੁ ਹੈ ?' ਜਿ ਕੋਈ ਮਿਲੈ ਸੋ ਸੇਵਾ ਕਰੈ । ਤਿਸ ਕੀ ਮਨਸਾ ਸਭ ਪੂਰੀ ਹੋਵੈ ! ਜੇ ਗੁਰੂ ਬਾਬੇ ਜੀ ਕੇ ਸੇਵਕ ਕਾ ਦਰਸਨੁ ਕਰੈ ਸੁ ਨਿਹਾਲ ਹੋਵੈ । ਖਾਇ ਪ੍ਰਸਾਦੁ ਬਾਬੇ ਜੀ ਪਾਸਿ ਆਵੈ। ਤਾਂ ਜਬ ਏਕੁ ਦੋਇ ਦਿਨ ਹੋਵਹਿ ਤਬ ਗੁਰੂ ਬਾਬਾ ਜੀ ਫਿਰਿ ਮਰਦਾਨੇ ਨੋ ਵਿਦਾ ਕਰੈ ਜਿ 'ਮਰਦਾਨਿਆ ! ਐਤੁ ਤਰਫ ਇਕੁ ਪਿੰਡੁ ਹੈ, ਤੈਨੋ ਖੁਧਿਆ ਜਾਗੀ ਹੈ, ਤੂੰ ਜਾਹਿ, ਜਾਇ ਕਰਿ ਕਿਛੁ ਮੁਖਿ ਪਰਸਾਦੁ ਪਾਇ ਆਉ ।' ਤਬ ਉਸੁ ਠਵਰ ਤੇ ਮਰਦਾਨਾ ਵਿਦਾ ਹੋਵੈ । ਤਬ ਚਲਤਾ ਚਲਤਾ ਇਕਤੁ ਨਗਰ ਜਾਇ

ਵੜਿਆ । ਉਤੁ ਨਗਰਿ ਜਿ ਪੂਜਾ ਹੋਈ ਮਰਦਾਨੇ ਕੀ; ਮਰਦਾਨਾ ਪੂਜਾ ਲੇ ਕਰਿ ਗੁਰੂ ਬਾਬੇ ਪਾਸਿ ਆਇਆ । ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਮਰਦਾਨਿਆ ! ਏਹ ਜਿ ਹੈ ਸੁ ਕਿਆ ਹੈ, ਜਿ ਤੂ ਲੈ ਆਇਆ ਹੈ ?' ਤਾਂ ਮਰਦਾਨੇ ਕਹਿਆ ਜਿ 'ਬਾਬਾ ਜੀ ਸਲਾਮਤਿ ! ਤੇਰੇ ਅਰਥਿ ਲੋਕੀ ਪੂਜਾ ਕੀਤੀ ਹੈ, ਕਿਛੁ ਰੁਪਏ ਹੈਨਿ, ਕਿਛੁ ਪਰਕਾਲੇ ਹੈਨਿ । ਲੋਕਾ ਜਿ ਆਣਿ ਚੜ੍ਹਾਏ ਸੇ ਮੈਂ ਆਣੇ ਹੈਨਿ । ਜਿਵ ਰਜਾਇ ਹੋਵੈ ਤਿਵ ਮੈ ਕਰੀ ।' ਤਬ ਗੁਰੂ ਬਾਬੇ ਨਾਨਕ ਕਹਿਆ ਜਿ 'ਏ ਮਰਦਾਨਿਆ! ਤੈ ਤਾਂ ਇਹ ਆਂਦੇ ਸਿ ਭਲਾ ਕੀਤਾ; ਪਣੁ ਏਹ ਅਸਾਡੇ ਕੰਮ ਨਾਹੀ, ਪਏ ਭਠਿ ।' ਤਬ ਮਰਦਾਨੇ ਕਹਿਆ ਜਿ 'ਬਾਬਾ ਜੀ ਸਲਾਮਤਿ ! ਮੈਂ ਕਿ ਕਰੀ ਹੁਣ ਇਸ ਗਦੜੀ ਦਾ ?' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਮਰਦਾਨਿਆ ! ਏਹ ਸਟਿ ਘਤੁ ਏਥਾਉ ।' ਮਰਦਾਨੇ ਸਟਿ ਘਤਿਆ ਉਹ ਬੁਗਚਾ ਰੁਪਿਆਂ ਅਤੇ ਕਪੜਿਆਂ ਦਾ । ਤਬ ਗੁਰੂ ਬਾਬਾ ਨਾਨਕ ਉਹਾਂ ਤੇ ਚਲਿਆ; ਜਾਂਦਾ ਜਾਂਦਾ ਜਾਇ ਮਹਾ ਉਜਾੜ ਵਿਚ ਪਇਆ, ਜਿ ਜਹਾਂ ਸੇ ਕੋਹਾਂ ਦੀ ਉਜਾੜ ਸੀ ਤਹਾਂ ਜਾਇ ਪਇਆ । ਅਗੈ ਗੁਰੂ ਬਾਬਾ ਨਾਨਕ ਚਲਿਆ ਜਾਏ; ਪੀਛੇ ਮਰਦਾਨਾ ਚਲਿਆ ਜਾਏ । ਏਹੀ ਉਜਾੜਿ ਵਿਚ ਪਏ ਜਿ ਝੰਘਝਾਰ ਬੇਲੇ ਤਿਨਾ ਕਾ ਕਿਛੁ ਕਹਿਆ ਨ ਜਾਈ ਜਿ ਅਨੇਕ ਬਿਰਖ । ਤਬ ਮਰਦਾਨੇ ਆਖਿਆ ਜਿ 'ਬਾਬਾ ਜੀ ਸਲਾਮਤਿ ! ਮੈਂ ਤਉ ਭੁਖਾ ਆਜਿਜੁ ਹੋਆ ਹਾਂ; ਪਰ ਕੋਈ ਏਹਾ ਬਿਰਖ ਜਿ ਹਮਿ ਟਿਕਹਿ । ਅਰੁ ਜੀ; ਮੈਂ ਇਹ ਉਜਾੜ ਦੇਖ ਡਰ ਗਇਆ ਹਾਂ ।' ਤਬ ਮਰਦਾਨੇ ਆਖਿਆ ਜਿ ਬਬਾ ਜੀ, ਸੁਹਾਣ ਹੈ ਤੁਧ ਨੋ ਅਤੇ ਤੇਰੀ ਭਗਤ ਨੋ; ਤੂ ਜਿ ਐਤ ਉਜਾੜਿ ਵਿਚਿ ਲੈ ਕੇ ਪਿਆ ਹੈਂ, ਹੁਣਿ ਕਿ ਬਿੰਦੇ ਕੋਈ ਸ਼ੀਂਹ ਬੁਕਿ ਕੇ ਅਸਾਨੂੰ ਮਾਰੇਗਾ; ਅਕੈ ਕੋਈ ਰਾਖਸੁ ਹੀ ਖਾਏਗਾ । ਤੂੰ ਜਿ ਅਸਾਨੂੰ ਮਾਰਦਾ ਹੈ ਏਸ ਉਜਾੜ ਵਿਚ ਪਾਇਕੇ ਕਿਉਂ ਮਾਰਦਾ ਹੈ ? ਸੁਖਾਲੇ ਟੁਕ ਮੰਗ ਖਾਂਦੇ ਸੇ, ਓਨੀ ਹੂ ਭੀ ਤੁਧ ਗਵਾਏ ਤੇ ਵਡੀ ਉਜਾੜ ਵਿਚ ਪਏ; ਹੁਣ ਜੇ ਖੁਦਾਇ ਕਢੈ ਤਾਂ ਨਿਕਲ ਹਾਂ ।' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਮਰਦਾਨਿਆ ! ਹੁਸੀਆਰ ਹੋਹਿ; ਤੇਰੇ ਨੇੜੇ ਕਿਛੁ ਨਾਹੀ ਆਂਵਦਾ ।' ਤਬ ਮਰਦਾਨੇ ਆਖਿਆ ਜਿ 'ਜੀ; ਕਿ ਹੁਸੀਆਰ ਹੋਵਾਂ ! ਜਾ ਉਜਾੜ ਪਾਇ ਮਾਰੇ ।' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ; 'ਏ ਮਰਦਾਨਿਆ ! ਏ ਉਜਾੜ ਨਾਹੀ; ਵਸਦੀ ਹੈ ਜਿਥੈ ਖਰਮਸੁਰ ਕਾ ਨਾਉ ਚਿਤ ਆਂਵਦਾ ਹੈ ।' ਤਬ ਮਰਦਾਨੇ ਕਹਿਆ ਜਿ; 'ਜੀ ਸਿਧਿ ਸਾਧਕ ਜੋਗੀ ਜਤੀ ਤੇਤੀਸ ਕਰੋੜੀ ਦੇਵਤੇ ਪੀਰ ਪੈਗੰਬਰ ਇਹ ਜੋ ਹੈਨ ਸਿ ਇਸੇ ਦੁਨੀਆ ਵਿਚ ਹੋਏ ਹੈਨ; ਉਪਰਹੁ ਕੋਈ ਲਥਾ ਨਾਹੀ । ਧਰਤੀ ਤੇ ਕੋਈ ਨਾਹੀਂ ਨਿਕਲਿਆ; ਤੂ ਹੈ ਆਖਦਾ ਹੈਂ ਜਿ ਉਜਾੜ ਭਲੀ ਹੈ, ਉਜਾੜ ਵਿਚ ਤਾਂ ਹੋਰ ਕੋਈ ਨਾਹੀ ਰਹਿੰਦਾ । ਸਭੁ ਕੋਈ ਏਸੈ ਦੁਨੀਆਂ ਵਿਚ ਹੀ ਹੋਇਆ ਹੈ ।' ਤਬ ਗੁਰੂ ਬਾਬੇ ਨਾਨਕ ਜੀ ਤਰੀਕਤਿ ਚੇ ਘਰਿ ਬਾਨੀ ਬੋਲ ਉਠਾ । ਰਾਗ ਆਸਾ ਮਹਿ ਜਿ :—

ਦੇਵਤਿਆਂ ਦਰਸਨ ਕੈ ਤਾਈ ਦੂਖ ਭੂਖ ਤੀਰਥਿ ਕੀਏ ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥
ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ, ਰੂਪ ਅਨੰਤਾ
ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥ ੧ ॥ ਰਹਾਉ ॥

ਤਿਸੁ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਏ ਮਰਦਾਨਿਆਂ ! ਤੇਤੀਸ ਕਰੋੜੀ ਜਿ ਦੇਵਤੇ ਭਏ ਹੈਂ ਤੇ ਭੀ ਦਰਸਨ ਕੀ ਪਿਆਸ ਕਰਿ ਕਰਿ ਉਜਾੜਿ ਫਿਰੇ। ਕਈ ਬਰਸ ਤਪੱਸਿਆ ਕੀਨੀ; ਬਰਤ ਨੇਮ ਦੂਖ ਭੂਖ ਤੀਰਥ ਕੀਨੇ। ਕਈ ਰਾਜੇ ਰਾਜ ਛੋਡਿ ਛੋਡਿ; ਜੋਗੀ ਹੋਇ ਹੋਇ; ਭਗਵੇ ਕਪੜੇ ਕਰਿ ਕਰਿ ਗਏ। ਕਿਸ ਅਰਥਿ ਕਰਿ ਕਰਿ ? ਦਰਸਨ ਪਰਮੇਸੁਰ ਕੇ ਨਮਿਤ ਕਰਿ ਕਰਿ, ਕੋਈ ਜੋਗੀ ਹੋਆ; ਕੋਈ ਸੰਨਿਆਸੀ ਹੋਆ, ਕੋਈ ਬ੍ਰਹਮਚਾਰੀ ਹੋਆ, ਕੋਈ ਅਵਿਧੂਤੁ ਹੋਆ, ਕੋਈ ਦਿਗੰਬਰ ਹੋਆ, ਛੋਡਿ ਛੋਡਿ ਗ੍ਰਿਸਤ ਉਦਾਸੁ ਹੋਇ ਗਏ ਸਾਹਿਬ ਕੇ ਦਰਸਨ ਕਾਰਣਿ, ਉਸ ਕੇ ਗੁਣ ਕਾ ਓੜਕ ਨਾਹੀ।'

ਦਰ ਘਰ ਮਹਲਾ ਹਸਤੀ ਘੋੜੇ, ਛੋਡਿ ਵਿਲਾਇਤਿ ਦੇਸ ਗਏ।
ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆਂ ਥਾਇ ਪਏ ॥੨॥

ਤਿਸੁ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਏ ਮਰਦਾਨਿਆਂ ! ਬਡੇ ਬਡੇ ਦਰਬਾਰ, ਵਡੇ ਘਰ, ਕਈ ਮਹਲ ਖਾਨੇ, ਕਈ ਹਸਤੀ, ਕਈ ਘੋੜੇ, ਕਈ ਭਰੇ ਭੰਡਾਰ ਛਡਿ ਛਡਿ ਰਾਜ ਪਾਟ ਮੁਲਖ ਦੇਸ ਵਲ ਇਤ ਛਡਿ ਛਡਿ ਉਜਾੜਿ ਪਕੜੀ ਹੈਸੁ ਕਿਸ ਅਰਥਿ ? ਜਿ ਮਤੁ ਉਹ ਸਾਹਿਬ ਮਿਲੈ। ਪੀਰ ਹੋਏ; ਪੈਕੰਬਰ ਹੋਇ, ਏਹ ਤਾਂ ਪੀਰ ਅਰੁ ਪੈਕੰਬਰ ਹੋਏ ਜਾਂ ਏਨੀ ਦੁਨੀਆਂ ਛਡੀ ਖੁਦਾਇ ਪਕੜਿਆ ਤਾਂ ਜਾਇ ਦਰਗਹ ਥਾਂਇ ਪਏ। ਹੋਰਿ ਕਵਣਿ ਕਵਣਿ ?

ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥ ੩ ॥

ਤਿਸੁ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ 'ਜਿ ਕਈ ਕਈ ਸਾਲਿਹ ਸਾਦਕ ਕਾਮਲ ਦਰਵੇਸ, ਜਿਨ ਕੇ ਕਹਿਐ ਖੁਦਾਇ ਅਧੀਨ ਹੋਇ ਖੜਾ ਹੋਂਦਾ ਹੈ ਨਾ ਕਿਛੁ ਓਨਾ ਖੁਦਾਇ ਸੁਆਦਿ ਕਰਿ ਕਰਿ ਖਾਣ ਕੀ ਅਸਾਇਸਿ ਕਰਿ ਕਰਿ ਖੁਦਾਇ ਵਸਿ ਕੀਤਾ ਹੈ। ਓਨਾ ਸੁਆਦਿ ਛਡੇ, ਸਹਜ ਛਡੇ, ਰਸ ਕਸ ਖਾਣੇ ਛਡੇ, ਕਪੜੇ ਪੈਨ੍ਹਣ ਤੇ ਛਡੇ, ਚੰਮੜੇ ਉਪਰਿ ਰਖੇ, ਏ ਦੁਖੀਏ ਹੋਏ, ਜਿਤੁ ਕਰਿ ਕਰਿ ਦੇਹੀ ਅਸਾਇਸ ਨ ਪਕੜੀ। ਅਰੁ ਦਰਦਵੰਦ ਹੋਇ ਜਿ ਕਿਸੀ ਦਾ ਦਰਦ ਸਹਿ ਨ ਸਕਨੀ ! ਕਿਉਂ ਕਰਿ ਦੁਖ ਨਿਵਾਰਦੇ ਹੈਨਿ ? ਕਹੈ : ਓਨਾ ਦੇ ਕਹਣੇ ਸਾਥਿ, ਜੀਅ ਧਾਰਣੇ ਸਾਥਿ, ਖੁਦਾਇ ਜਹਾਨ ਸਾਰੇ ਦੀ ਜਹਮਤਿ ਫਨਾਹਿ ਕਰਦਾ ਹੈ। ਜਿ ਕਿਛੁ ਓਹਿ ਆਖਨਿ, ਜੀਅ ਵਿਚਿ ਚਿਤਵਨਿ, ਸੋਈ ਖੁਦਾਇ ਕਰੈ। ਉਨਾਂ ਦਾ ਆਖਣਾ ਏਹੋ ਜਿ ਦਰਦ ਦੇਖਦੇ ਨਾਲਿ ਓਨ੍ਹਾ ਦੈ ਜੀਅ ਦੇਆ ਪਵੈ।',

ਤਾਂ ਫਿਰਿ ਮਰਦਾਨੇ ਕਹਿਆ ਜਿ 'ਜੀ ਤੂੰ ਖਤਰੀ ਜਨਮੁ ਪਰਮੇਸੁਰ ਜਿ ਸੀ ਸੋ ਤੁਧੁ ਪਾਇਆ, ਪਰੁ ਤੁਧ ਜਿ ਲਕਰੀ ਲਈ, ਖਪਰੀ ਲਈ, ਚੰਮਰੀ ਲਈ, ਸਿ ਕਿਤੁ ਅਰਥਿ ਲਈ ? ਅਰੁ ਤੁਧੁ ਸਿਖਾ ਸੂਤੁ ਧੋਤੀ ਛਡੀ ਸੋ ਕਿਉਂ ?' ਤਬ ਗੁਰੂ ਬਾਬਾ ਜੀ ਹਸਿਆ, ਹਸਿ ਕਰਿ ਫਿਰਿ ਜਵਾਬੁ ਦੀਆ ਮਰਦਾਨੇ ਨੋ ਜਿ:—

**ਖਫਨੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥**
ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕ ਜਾਤਿ ਕੈਸੀ ॥੪॥੧॥੩੩॥

**ਤਿਸੁ** ਕਾ ਪਰਮਾਰਥੁ :—

**ਤਬ ਗੁਰੂ ਬਾਬੇ** ਨਾਨਕ ਜੀ ਕਹਿਆ ਜਿ 'ਏ ਮਰਦਾਨਿਆ ! ਸਾਹਿਬ ਨੋ ਮਾਲ ਦੀ ਪਰਵਾਹ ਕਾਈ ਨਾਹੀ, ਪਰੁ ਮਾਣੂਵਾਂ ਦੀ ਸਾਹਿਬ ਨੋ ਖਿਜਮਤਿ ਦੀ ਪਰਵਾਹ ਨਾਹੀ, ਸਾਹਿਬ ਤਮਾਸੇ ਦੇਖਿ ਦੇਖਿ ਖੁਸ਼ੀ ਹੋਂਦਾ ਹੈ, ਸਾਹਿਬ ਨੋ ਜਾ ਕੋਈ ਸਾਂਗੁ ਤਮਾਸਾ ਕਰਿ ਦਿਖਾਲੈ ਤਬ ਖੁਸ਼ੀ ਹੋਂਦਾ ਹੈ। ਮੈਂ ਸਾਹਿਬ ਦੇ ਖੁਸ਼ੀ ਕਰਣੈ ਦੀ ਨਿਮਿਤ ਏਹੁ ਸਾਂਗ ਕੀਤਾ ਹੈ। ਮੈ ਜਿਹਾ ਸਿ ਸਾਂਗੀ ਸਾਹਿਬ ਦਾ ਹਾਂ। ਜਿ ਏ ਮਰਦਾਨਆ! ਜਿ ਪਰਮੇਸੁਰ ਦਾ ਮੰਗਤਾ ਹੋਆ ਤਿਸੁ ਕੀ ਜਾਤਿ ਪਰਮੇਸੁਰ। ਓਸੁ ਪਾਸਿ ਸਭੁ ਕੋਈ ਕਹੇ ਜਿ ਇਹੁ ਪਰਮੇਸੁਰ ਕਾ ਭਗਤੁ ਹੈ। ਏ ਮਰਦਾਨਿਆਂ! ਪਰਮੇਸੁਰ ਅਤੇ ਮਾਇਆ ਬਣਿ ਨਾਹੀ ਆਵਦੀ। ਜੇ ਮਾਇਆ ਭਾਲੀਐ ਤਾਂ ਪਰਮੇਸੁਰ ਨਾਹੀ ਹਥਿ ਆਂਵਦਾ। ਅਰੁ ਜੇ ਪਰਮੇਸੁਰੁ ਭਾਲ ਐ ਤਾਂ ਮਾਇਆ ਨਾਹੀ ਪਰਮੇਸੁਰ ਭਾਲਣ ਦੇਂਦੀ। ਈਵ ਨਾਹੀ ਮਾਇਆ ਭੀ ਮੰਗੈ ਅਤੈ ਪਰਮੇਸੁਰੁ ਭੀ ਪਾਏ।' ਤਬ ਮਰਦਾਨਾ ਸੰਤੋਖਿਆ ਲਗਾ ਬਾਬੇ ਦੇ ਨਾਲ ਉਦਿਆਨ ਫਿਰਣੇ। ਅਜੁ ਐਤੁ ਉਜਾੜਿ, ਭਲਕੇ ਐਤੁ ਉਜਾੜਿ। ਟਿਕਿ ਬੈਠਨਿ ਨਾਹੀ। ਵਸਦੀ ਕਿਤੈ ਜਾਨਿ ਨਾਹੀ। ਉਦਿਆਨ ਹੀ ਵਿਚਿ ਗੁਰੂ ਬਾਬਾ ਨਾਨਕੁ ਅਤੈ ਮਰਦਾਨਾ ਰਹਿਨਿ। ਬੋਲਹੁ ਵਾਹੁਗੁਰੂ।

ਸਲੋਕੁ ॥

ਕਰਣ ਕਾਰਣ ਸਮਰਥੁ ਹੈ ਊਚੈ ਤੇ ਪ੍ਰਭੁ ਊਚ ॥
ਗਣਤ ਸੁਮਾਰਿ ਨ ਪਾਈਐ, ਨਾਨਕ ਸੋ ਪ੍ਰਭੁ ਮੂਚੁ ॥੧॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨੁ ਗੁਰੂ, ਸਤਿਗੁਰੂ। ਰਾਮ ਸਤਿ, ਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪ੍ਰਸਾਦਿ ॥ ੩੫ ॥

—o—

# ਊਨਾ ਸਾਹਿਬ ਵਿਖੇ
# ਗੁਰਪੁਰਬ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

ਊਨਾ ਸਾਹਿਬ ਵਿਖੇ ਸਾਲਾਨਾ ਸਮਾਗਮ 111 ਅਖੰਡ ਪਾਠਾਂ ਦਾ ਭੋਗ ਪਵਾ ਮਨਾਇਆ ਜਾਣਾ ਹੈ। ਇਸ ਲਈ ਸੰਗਤਾਂ 26, 27 ਤੇ 28 ਮਾਰਚ 1975 ਮਿਤੀ 13, 14 ਤੇ 15 ਚੇਤਰ ਨੂੰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ ਤੇ ਸਮਾਗਮ ਦੀ ਰੌਣਕ ਵਧਾਉਣ ਅਤੇ ਦਾਸ ਦੀ ਹੌਸਲਾ ਅਫ਼ਜ਼ਾਈ ਕਰਨ। ਇਹ ਬਾਬਾ ਜੀ ਦਾ 239ਵਾਂ ਜਨਮ ਦਿਹਾੜਾ ਹੈ। ਸਿਖ ਰਾਜ ਕਾਇਮ ਕਰਨ ਵਾਲੇ ਨੂੰ ਪੂਜ ਕੇ ਸ਼ਰਧਾਂਜਲੀ ਭੇਟ ਕਰੋ। ਅਜ ਤਕ ਅਸੀਂ ਆਪ ਵਾਲੇ ਕਰਤਬ ਨਹੀਂ ਕਰ ਸਕੇ ਇਸ ਲਈ ਅਧੂਰੇ ਪਏ ਫਿਰਦੇ ਹਾਂ। ਆਪਣੇ ਗੁਰੂ ਦੀ ਅੰਸ਼ ਦ ਪੂਤਨਿਆਂ ਤੇ ਚਲਕ ਹੀ ਗੁਰੂ ਖਾਲਸੇ ਨੂੰ ਪ੍ਰਾਪਤੀ ਹੈ। ਪੂਜੋ ਤੇ ਖੁਸ਼ੀਆ ਮਨਾਓ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੇਠੇ ਸਪੁਤਰ
# ਬਾਬਾ ਸ੍ਰੀ ਚੰਦ ਜੀ ਉਦਾਸੀ ਦਾ
## ਜੀਵਨ ਬਿਰਤਾਂਤ

( ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ )

(ਪਿਛੇ ਤੋਂ ਅੱਗੇ)

## ਬਾਬਾ ਲਖਮੀ ਚੰਦ ਜੀ ਨਾਨਕੇ ਘਰ

**ਉਧਰ ਸ੍ਰੀ** ਲਖਮੀ ਚੰਦ ਜੀ ਚਾਰ ਸਾਲ ਤੋਂ ਉਤੇ ਦੇ ਸਨ, ਜਦਕਿ ਜਗਤ ਮਾਤਾ ਸੁਲੱਖਣੀ ਜੀ ਇਹਨਾਂ ਨੂੰ ਨਾਲ ਲੈ ਕੇ ਆਪਣੇ ਪਿਤਾ ਜੀ ਨਾਲ ਪੇਕੇ ਘਰ ਆਏ ਸਨ। ਇਹਨਾਂ ਦਾ ਵਿਆਹ ਹੋਣ ਥੀਂ ਬਹੁਤ ਚਿਰ ਤੀਕ ਇਹ ਚਿੰਤਾਤੁਰ ਰਹੇ ਕਿ ਇਹਨਾਂ ਦੇ ਸਵਾਮੀ ਨੇ ਵਿਰੱਕਤੀ ਧਾਰ ਰਖੀ ਹੈ ਪਰ ਸ੍ਰੀ ਚੰਦ ਜੀ ਦੇ ਉਦਰਵਾਸ ਹੋਣ ਪਿਛੋਂ ਜਨਮ ਸਮੇਂ ਤੀਕ ਮਾਤਾ ਜੀ ਦਾ ਮਨ ਚੰਨ ਜਿਵੇਂ ਚਮਕਿਆ, ਤੇ ਚੰਦਨ ਜਿਵੇਂ ਸੁਗੰਧੀ ਰੂਪ ਪਤੀ ਭਗਤੀ ਵਿਚ ਗਿੱਝ ਕੇ ਸੇਵਾ ਕਰਦੇ ਰਹੇ, ਪਰ ਹੁਣ ਜਾਣਦੇ ਕਿ ਸੇਵਾ ਥੀਂ ਸੁੰਞੀ ਹੋ ਗਈ ਹਾਂ। ਇਉਂ ਮਨ ਵਿਚ ਪਤੀ ਪਿਆਰ ਨੂੰ ਵਸਾ ਕੇ ਇਹ ਪਿਤਾ ਘਰ ਦੀ ਚਾਰਦੀਵਾਰੀ ਅੰਦਰ ਸਬਰ-ਸੰਤੋਖ ਵਿਚ ਦਿਨ ਬਿਤਾਂਦੇ ਅਤੇ ਘਰੋਗੀ ਕੰਮ ਦੇ ਨਾਲ ਨਾਲ ਹੀ ਸਿਮਰਨੁ ਧਿਆਨ ਵਿਚ ਵੀ ਜੁੜੇ ਰਹਿੰਦੇ ਸਨ।

ਵਿਛੋੜਾ ਦੁਖ ਅਸਹਿ ਸੀ ਅਤੇ ਇਹ ਵੀ ਨਿਸ਼ਚਾ ਸੀ ਕਿ ਪਤੀ ਅੰਤਰਯਾਮੀ ਹਨ। ਉਹਨਾਂ ਨੇ ਨਵਾਬ ਤੇ ਕਾਜ਼ੀ ਦ ਦਿਲ ਦੀਆਂ ਜਾਣ ਲਈਆਂ ਸਨ। ਉਹ ਦੂਰ ਬੈਠੇ ਵੀ ਮੇਰੇ ਦਿਲ ਦੀਆਂ ਜਾਣਦੇ ਹਨ। ਮੱਤਾਂ ਨਰਾਜ਼ ਹੋ ਜਾਣ ? ਤੇ ਘਰ ਮੁੜਣ ਥੀਂ ਉੱਕਾ ਮੂੰਹ ਨਾ ਮੋੜ ਲੈਣ। ਇਸ ਡਰ ਤੋਂ ਡਰਦੀ ਮਾਤ ਸੁਲੱਖਣੀ ਜੀ ਮਨ ਵਿਚ ਕੋਈ ਤਰਕ ਨ ਰਖਦੇ। ਸਗੋਂ ਪਛਤਾਂਦੇ ਰਹਿੰਦੇ ਸਨ ਕਿ ਅਜਿਹੇ ਅੰਤਰਯਾਮੀ ਸੁਆਮੀ ਦੀ ਪਹਿਲੇ ਸਾਰ ਨਾ ਜਾਣੀ, ਤੇ ਹੁਣ ਸੇਵਾ ਤੋਂ ਸੁੰਞੀ ਹੋ ਗਈ ਹਾਂ। ਇਉ ਮਨ ਵਿਚ ਖਿਝਦੇ ਰਿਝਦੇ ਪਿਤਾ ਘਰ ਦੀ ਚਾਰਦੀਵਾਰੀ ਅੰਦਰ ਸਬਰ ਤੇ ਸੰਤੋਖ ਵਿਚ ਦਿਨ ਬਿਤਾਉਣ ਲਗੇ।

ਮਾਤ ਸੁਲੱਖਣੀ ਜੀ ਪਤੀ ਵਿਛੋੜੇ ਦੇ ਦੁਖਾਂ ਨੂੰ ਅੰਦਰੋਂ ਅੰਦਰ ਹੀ ਪੀ ਰਹੇ ਸਨ ਪਰ ਸ੍ਰੀ ਚੰਦ ਜੀ ਦੀ ਯਾਦ ਆਉਣ ਤੇ ਇਹ ਫੁਟ ਫੁਟ ਕੇ ਰੋਣ ਲਗਦੇ। ਕਦੀ ਕਦੀ ਸਿਸਕੀਆਂ ਤੇ ਹਿਚਕੀਆਂ ਭਰਦੇ ਬੇਹੋਸ਼ ਵੀ ਹੋ ਜਾਇਆ ਕਰਦੇ ਕਿ ਸ੍ਰੀ ਚੰਦ ਜੀ ਨੂੰ ਵਿਛੋੜਿਆਂ ਸਾਲ ਤੋਂ ਉਤੇ ਹੋਣ ਲਗਾ ਸੀ। ਇਹਨਾਂ ਦੀਆਂ ਆਂਦਰਾਂ ਵਿਚ ਦੂਹਰੇ ਵੱਟ ਪੈ ਰਹੇ ਸਨ, ਜੋ ਸਹਿਣੇ ਔਖੇ ਸਨ। 'ਚੰਦੋ ਰਾਣੀ' ਆਪਣੀ ਜਾਈ ਦੇ ਦਰਦਾਂ ਦੁਖਾਂ ਦੀ ਮਹਿਰਮ ਸੀ। ਇਹ ਬਹੁਤ ਕੁਝ ਢਾਰਸ ਬੰਧਾਉਂਦੀ ਤੇ ਆਖਦੀ "ਬੱਚੀਏ ਧੀਰਜ ਕਰ! ਖ਼ਰੀਦ ਕੇ ਦੇਣ ਵਾਲੀ ਸ਼ੈ ਨਹੀਂ ਹੈ। ਨਾ ਦੂਜਾ "ਨਾਨਕ" ਕਿਤੇ ਜੰਮਿਆ ਹੈ। ਪਰਦੇਸ ਵਿਚ ਕੀ ਕੀ ਔਕੜਾਂ ਪੇਸ਼ ਆਉਂਦੀਆਂ ਹਨ। ਜਦ ਨਾਨਕ ਉਤੇ ਵਾਪਰਨਗੀਆਂ

ਤਦ ਆਪੇ ਮੁੜ ਆਏਗਾ। ਅਜੇ ਉਹਨੂੰ ਫ਼ਕੀਰੀ ਦਾ ਨਵਾਂ ਨਵਾਂ ਚਾਅ ਚੜ੍ਹਿਆ ਹੋਇਆ ਹੈ, ਛੇਤੀ ਹੀ ਉਤਰ ਜਾਏਗਾ। ਇਉਂ ਚੰਦੋ ਰਾਣੀ ਅਪਣੀ ਧੀ ਨੂੰ ਤਸੱਲੀਆਂ ਦੇਂਦੀ ਤੇ ਪਰਚਾਂਦੀ ਰਿਹਾ ਕਰਦੀ।

ਚੰਦੋ ਰਾਣੀ ਵਾਸਤੇ ਇਹ ਤਾਂ ਮੁਸ਼ਕਲ ਸੀ ਕਿ ਸ੍ਰੀ ਨਾਨਕ ਜੀ ਨੂੰ ਕਿਧਰੋਂ ਟੋਲ ਲਿਆਏ ਪਰ ਸ੍ਰੀ ਚੰਦ ਵਾਸਤੇ ਥੋੜੇ ਥੋੜੇ ਚਿਰ ਪਿਛੋਂ ਦੋ ਤਿੰਨ ਬੰਦੇ ਭੇਜੇ ਸਨ ਜੋ ਬੇਬੇ ਨਾਨਕੀ ਜੀ ਨੇ ਖਾਲੀ ਮੋੜੇ ਸਨ। ਜਿਸ ਤੇ ਨਿਰਾਸੇ ਹੋ ਕੇ ਸ੍ਰੀ ਮੂਲ ਚੰਦ ਆਪ ਸੁਲਤਾਨ ਪੁਰ ਗਏ। ਇਹਨਾਂ ਪਹਿਲੇ ਕੁਝ ਰੋਹ-ਖੋਹ ਦੀਆਂ ਗਿਲੇ-ਗੁਜ਼ਾਰੀਆਂ ਕੀਤੀਆਂ। ਫੇਰ ਸੁਲੱਖਣੀ ਜੀ ਦਾ ਹਾਲ ਦਸ ਕੇ ਆਖਿਆ— "ਸ੍ਰੀ ਚੰਦ ਨੂੰ ਮਿਲ ਕੇ ਉਹਦਾ ਦੁਖ ਅੱਧਾ ਹੋ ਜਾਏਗਾ। ਇਓਂ ਬੇਬੇ ਨਾਨਕੀ ਨੂੰ ਸਮਝਾ ਕੇ ਮਨਾ ਲਿਆ ਤੇ ਆਪਣੇ ਨਾਲ ਸ੍ਰੀ ਚੰਦ ਨੂੰ ਪੱਖੋਕੇ ਲੈ ਆਏ।

ਇਹਨਾਂ ਦੇ ਆਉਣ ਤੇ ਮਾਤਾ ਜੀ ਤੇ ਨਾਨੀ ਜੀ ਨੂੰ ਮਾਨੋ ਨੌ-ਨਿਧੀਆਂ ਪਰਾਪਤ ਹੋਈਆਂ। ਵਿਛੋੜੇ ਦੇ ਦੁਖਾਂ ਨੂੰ ਅੱਖੀਆਂ ਰਾਹੀਂ ਬਾਹਰ ਕੀਤਾ ਤੇ ਪੁੰਨ-ਦਾਨ ਵੀ ਕਰਾਇਆ। ਸ੍ਰੀ ਲਖਮੀ ਚੰਦ ਜੀ ਨੂੰ ਦੇਖ ਕੇ ਸ੍ਰੀ ਚੰਦ ਜੀ ਵੀ ਖੁਸ਼ ਹੋਏ। ਇਹਨਾਂ ਨੇ ਕੁਤਕੁਤਾੜੀਆਂ ਕਢੀਆਂ। ਉਹ ਮੋਤੀਏ ਦੀਆਂ ਕਲੀਆਂ ਵਾਂਗੂ ਦੰਦੀਆਂ ਖਿੜਾ ਕੇ ਹੱਸਦੇ ਰਹੇ। ਇਉਂ ਦੋਹਾਂ ਭਰਾਵਾਂ ਨੂੰ ਆਪੋ ਵਿਚ ਜੱਫੀਆਂ ਪਾਈਆਂ ਵੇਖ ਕੇ ਮਾਤਾ ਜੀ ਨੇ ਆਪਣੇ ਲਈ ਸੁਭਾਗਾ ਦਿਨ ਚੜ੍ਹਿਆ ਜਾਣਿਆ। ਇਹ ਮਹੀਨਾ ਭਾਦਰੋਂ ਤੇ ਸੰਮਤ 1559 ਦਾ ਸੀ, ਜਦਕਿ ਪਹਿਲੀ ਵਾਰੀ ਬਾਬਾ ਸ੍ਰੀ ਚੰਦ ਜੀ ਨਾਨਕੇ ਘਰ ਆਏ ਸਨ।

ਬਾਬਾ ਸ੍ਰੀ ਚੰਦ ਜੀ ਪਹਿਲੀ ਵਾਰੀ ਨਾਨਕੇ ਘਰ ਆਏ ਸਨ। ਸਭ ਸੰਬੰਧੀਆਂ ਅਤੇ ਮਹੱਲੇ ਦੀਆਂ ਭੈਣਾਂ-ਬੀਬੀਆਂ ਨੇ ਨਾਨੀ ਚੰਦੋ ਰਾਣੀ ਅਤੇ ਮਾਤ ਸੁਲੱਖਣੀ ਨੂੰ ਵਧਾਈਆਂ ਦਿਤੀਆਂ। ਪਰ ਜੋ ਜੋ ਵੀ ਆਉਂਦਾ, ਇਹਨਾਂ ਦੋਹਾਂ ਬੱਚਿਆਂ ਨੂੰ ਵੇਖ ਵੇਖ ਕ ਗੁਰੂ ਜੀ ਬਾਬਤ ਆਪਣੇ ਵਿਚਾਰ ਜ਼ਰੂਰ ਪਰਗਟ ਕਰਦਾ ਕਿ ਨਾਨਕ ਨੇ ਕਿੰਨਾ ਹੱਠ ਕੀਤਾ ਹੈ? ਜੋ ਚੰਨ ਜਿਹੇ ਦੋਹਾਂ ਲਾਲਾਂ ਨੂੰ ਦਿਲੋਂ ਲਾਹ ਕੇ ਫ਼ਕੀਰ ਹੋ ਗਿਆ ਹੈ। ਪਰ ਮਾਤਾ ਜੀ ਸੁਣ ਸੁਣ ਕੇ ਚੁਪ ਰਹਿੰਦੇ ਅਤੇ ਚੰਦੋ ਰਾਣੀ ਉੱਤਰ ਵਜੋਂ ਕੁਝ ਝੋਖਾ ਝੁਖ ਦਿਤਾ ਕਰਦੀ।

ਬਾਬਾ ਸ੍ਰੀ ਚੰਦ ਜੀ ਨਾਨਕੇ ਘਰ ਆ ਕੇ ਵੀ ਖੁਸ਼ ਖੁਸ਼ ਰਹਿਣ ਲਗੇ। ਇਹ ਸਾਰਿਆਂ ਨਾਲ ਹਿਲ ਮਿਲ ਗਏ ਸਨ। ਇਹਨਾਂ ਵਿਚ ਹਰ ਇਕ ਦੀ ਗਲ ਨੂੰ ਪੂਰੀ ਤਰ੍ਹਾਂ ਸਮਝ ਲੈਣ ਦੀ ਬੁਧੀ ਤਿਖੀ ਸੀ ਪਰ ਖਾਣ ਪੀਣ ਤੇ ਪਹਿਨਣ ਵਲੋਂ ਬੇਫ਼ਿਕਰ ਰਹਿੰਦੇ। ਇਹਨਾਂ ਨੂੰ ਆਪਣੇ ਪਹਿਨਣ ਯਾ ਖਾਣ ਦੀ ਇਤਨੀ, ਪਰਵਾਹ ਨਹੀਂ ਸੀ ਜਿਤਨਾ ਵੀਰ ਲਖਮੀ ਚੰਦ ਦਾ ਖਿਆਲ ਰਖਦੇ। ਉਹਨਾਂ ਨੂੰ ਸੋਹਣਾ ਝੱਗਾ ਪੁਆ ਕੇ ਤੇ ਚੰਗਾ ਖੁਆ ਕੇ ਖੁਸ਼ ਹੁੰਦੇ ਸਨ।

ਸ੍ਰੀ ਚੰਦ ਜੀ ਨੂੰ ਨਾਨਕੇ ਘਰ ਆਇਆਂ 6 ਕੁ ਮਹੀਨੇ ਹੋਣ ਲਗੇ ਸਨ। ਇਹ ਲਗ ਪਗ 8 ਸਾਲਾਂ ਦੇ ਸਨ। ਕਦੀ ਕਿਸੇ ਨੇ ਝਿੜਕ ਝੰਭ ਨਹੀਂ ਦਿਤੀ ਸੀ। ਬੇਬੇ ਨਾਨਕੀ ਜੀ ਨੇ ਵੀ ਲਾਡਲਾ ਤੇ ਸੁਤੰਤਰ ਹੀ ਰਖਿਆ ਸੀ। ਇਥੇ ਵੀ ਕਿਸੇ ਚੀਜ਼ ਦੀ ਥੁੜ ਨਹੀਂ ਸੀ। ਨਾਨੀ-ਨਾਨੇ ਨੇ ਸੁਖੱਲਾ ਤੇ ਪਿਆਰ ਨਾਲ ਸੰਭਾਲਿਆ ਹੋਇਆ ਸੀ। ਜਿਸ ਤੇ ਅੱਠ ਸਾਲਾਂ ਦੇ ਵੀ ਇਹ ਦਸ ਸਾਲਾਂ ਦੇ ਬਰਾਬਰ ਦਿਸਦੇ ਸਨ। ਇਹਨਾਂ ਦੇ ਸੱਜੇ ਕੰਨ ਵਿਚ ਕੁਦਰਤੀ ਮੁੰਦਰਾਂ—ਲੱਕ ਨਾਲ ਜ਼ੰਜੀਰੀ ਤੇ

ਉਹਦੇ ਨਾਲ ਕਪੀਨ ਬੱਧੀ ਹੋਈ। ਸਰੀਰ ਕਰ ਕੇ ਨੰਗਾ ਯਾ ਕਦੀ ਝੱਗਾ ਪਾ ਲੈਂਦੇ। ਸਿਰ ਦੇ ਵਾਲਾਂ ਦਾ ਜੂੜਾ ਨਾ ਕਰਦੇ। ਨ ਛੋਟੇ, ਨ ਲੰਮੇ ਤੇ ਗੋਰੇ ਗੋਰੇ ਵੇਠੇ ਹੋਏ ਵਾਲ ਲਿਟਾਂ ਦੀ ਤਰਾਂ ਪਿਛੇ ਸੁਟੀ ਰਖਦੇ ਸਨ। ਕਦੀ ਦੌੜਦੇ ਯਾ ਇਸ਼ਨਾਨ ਕਰਨੇ ਮਗਰੋਂ ਸਿਰ ਛੰਡਦੇ ਤਾਂ ਮਥੇ ਉਤੇ ਵੇਠੇ ਹੋਏ ਸੁਨਹਿਰੀ ਵਾਲ ਇਉਂ ਦਿਸਦੇ, ਮਾਨੋ ਸ਼ਿਵਜੀ ਦੇ ਸਿਰ ਉਤੇ ਸੁਨਹਿਰੀ ਰੰਗ ਦੇ ਸਪੋਲੀਏ ਨਚਦੇ ਹਨ। ਇਹਨਾਂ ਦੇ ਗੋਰੇ ਵਾਲਾਂ ਵਿਚੋਂ ਨੈਨ ਝਮਕਦੇ ਇਉਂ ਦਿਸਦੇ, ਮਾਨੋ ਸੋਨੇ ਦੇ ਹਾਰਾਂ ਵਿਚ ਜੜੇ ਹੋਏ ਨੱਗ ਚਮਕਦੇ ਹਨ। ਇਹੋ ਜਿਹੀ ਹਾਲਤ ਵਿਚ ਇਹ ਰਹਿੰਦੇ ਸਨ।

## ਪੇਂਡੂ ਮਾਮਿਆਂ, ਬਾਬਿਆਂ ਦੀਆਂ ਮਸਖਰੀਆਂ

ਸ੍ਰੀ ਬਾਬਾ ਜੀ ਦਾ ਸੁੰਦਰ-ਢੁਕਵਾਂ ਤੇ ਨਰੋਆ ਸਰੀਰ, ਮੁਖੜਾ ਗੋਲ, ਮਿੱਠੇ ਅਤੇ ਤੋਤਲੇ ਬੋਲ, ਲੋਕਾਂ ਦਾ ਮਨ ਮੋਹ ਲੈਂਦੇ। ਕੁਦਰਤ ਵਲੋਂ ਵੀ ਇਸ ਮਾਝੇ ਦੇ ਇਲਾਕੇ ਉਤੇ ਖਾਸ ਕਿਰਪਾ ਵਸਦੀ ਹੈ। ਇਧਰ ਦਾ ਵਾਯੂ ਮੰਡਲ ਸੋਹਣਾ ਤੇ ਸਰੀਰ ਨਿਰੋਏ ਹਨ। ਖੇਤੀ-ਬਾੜੀ ਵੀ ਅੰਨ-ਧਨ ਅਤੇ ਘਾਹ-ਪੱਠਾ ਬਹੁਤ ਪੈਦਾ ਕਰਨ ਵਾਲੀ ਹੈ। ਕੁੰਢੇ ਸਿੰਗਾਂ ਵਾਲੀਆਂ ਮੱਝਾਂ, ਗਾਈਆਂ ਸੋਹਣੀਆਂ ਪਲੀਆਂ ਹੋਈਆਂ ਤੇ ਦੁਧ ਬਹੁਤ ਦੇਂਦੀਆਂ ਹਨ। ਪਰ ਜਿਸ ਦਿਨ ਦੇ ਬਾਬਾ ਸ੍ਰੀ ਚੰਦ ਜੀ ਇਧਰ ਆ ਕੇ ਵਸੇ, ਮਾਨੋ ਰੱਬ ਦੀਆਂ ਮਿਹਰਾਂ ਵੀ ਇਸ "ਪੂਰਨ ਭਗਤ" ਦੇ ਆਲੇ ਦੁਆਲੇ ਹੀ ਵਸਨ ਲਗੀਆਂ ਸਨ। ਲੋੜ ਵੇਲੇ ਵਰਖਾ ਹੁੰਦੀ ਰਹੀ। ਗੁੜ, ਕਪਾਹਾਂ ਤੇ ਅਨ-ਦਾਣੇ ਕਰ ਕੇ ਲੋਕਾਂ ਦੇ ਭੰਡਾਰ ਭਰੇ ਗਏ। ਸਾਵਣੀ ਮਗਰੋਂ ਹਾੜੀ ਦਾ ਮੂੰਹ ਵੀ ਚੰਗਾ ਬਝ ਗਿਆ। ਪਿੰਡਾਂ ਦੇ ਜੱਟ ਲੋਕੀਂ ਹਰੀਆਂ ਹਰੀਆਂ ਤੇ ਉਚੀਆਂ ਉਚੀਆਂ ਕਣਕਾਂ ਆਪਣੀਆਂ ਪੈਲੀਆਂ ਵਿਚ ਵੇਖ ਵੇਖ ਕੇ ਖੁਸ਼ ਹੁੰਦੇ। ਇਹ ਵਿਹਲੇ ਹੋ ਕੇ ਸਣ ਵਟਦੇ ਯਾ ਧੁੱਪਾਂ ਸੇਕਦੇ ਅਤੇ ਆਸਾਂ ਭਰਿਆ ਦਿਨ ਬਿਤਾਇਆ ਕਰਦੇ।

ਇਸੇ ਤਰ੍ਹਾਂ ਪੱਖੋਕੇ ਦੇ ਲੋਕੀਂ ਵੀ ਮੰਦਰ—ਧਰਮਸਾਲਾ ਯਾ ਚੁਰਾਹੇ ਵਿਚ ਖੁਲ੍ਹੀ ਥਾਂ ਜਦ ਕਦੀ ਜੁੜ ਬੈਠਦੇ ਸਨ ਤਾਂ ਕਮਲੀਆ ਸੇਵਕ ਦੇ ਮੋਢੇ ਉਤੇ ਚੜ੍ਹਿਆ ਕਦੀ ਕਦੀ ਬਾਬਾ ਸ੍ਰੀ ਚੰਦ ਜੀ ਵੀ ਆ ਨਿਕਲਦੇ। ਵੈਸੇ ਵੀ ਪਿੰਡਾਂ ਦੇ ਲੋਕੀਂ ਖੁਲ੍ਹ-ਦਿਲੇ ਤੇ ਆਪੋ ਵਿਚ ਹੀ ਹਾਸਾ-ਮਖੌਲ ਕਰਨ ਦੇ ਸੁਭਾਓ ਵਾਲੇ ਹੁੰਦੇ ਹਨ। ਫਿਰ ਕੋਈ ਛੋਟਾ ਵੱਡਾ ਦੋਹਤਰਵਾਨ ਅਜਿਹ ਸਮੇਂ ਇਹਨਾਂ ਵਿਹਲਿਆਂ ਦੇ ਸਾਹਮਣੇ ਆ ਜਾਏ ਤਾਂ ਇਹ ਵੇਲਾ ਇਹਨਾਂ ਨੂੰ ਰੱਬ ਦੇਵੇ। ਉਹਦੇ ਨਾਲ ਇਹ ਕੀ ਕੁਝ ਹਾਸੀ ਮਖੌਲ ਤੇ ਟਿਚਰਾਂ ਕਰਦੇ ਹਨ? ਕਿਵੇਂ ਪੇਸ਼ ਆਉਂਦੇ ਹਨ? ਇਹ ਪੇਂਡੂ ਲੋਕ ਹੀ ਜਾਣਦੇ ਹਨ।

ਪੱਖੋਕੇ ਵਿਚ ਬਾਬਾ ਸ੍ਰੀ ਚੰਦ ਜੀ, ਜੋ ਅਗੇ ਹੀ ਨੰਗ-ਧੜੰਗ ਰਹਿੰਦੇ ਤੇ ਮਲੰਗ ਰੂਪ ਵਿਚ ਇਹਨਾਂ ਦੇ ਸਾਹਮਣੇ ਆ ਜਾਂਦੇ ਤਾਂ ਜਾਣ-ਬੁਝ ਕੇ ਇਹ ਲੋਕੀਂ ਉਹਨਾਂ ਨੂੰ ਛੇੜਦੇ। ਕਮਲੀਏ ਉਤੋਂ ਦੀ ਹੇਠਾਂ ਖਿੱਚ ਕੇ ਲਾਹ ਲੈਂਦੇ। ਪਾਸ ਬਿਠਾਂਦੇ ਤੇ ਗੱਲਾਂ-ਗੱਪਾਂ ਵਿਚ ਕਈ ਤਰ੍ਹਾਂ ਦੇ ਇਹਨਾਂ ਨਾਲ ਮਖੌਲ ਕਰਦੇ। ਇਹ ਵੀ ਸੁਣਦੇ ਤੇ ਹੱਸਦੇ ਰਹਿੰਦੇ ਸਨ। ਪਰ ਇਹਨਾਂ ਵਿਚੋਂ ਜਦ ਕਦੀ ਕੋਈ ਇਹ ਕਹਿੰਦਾ ਕਿ "ਤੇਰਾ ਪਿਤਾ ਤਾਂ ਫ਼ਕੀਰ ਹੋ ਗਿਆ ਹੈ।" ਦੂਜਾ ਕਹਿੰਦਾ "ਖੇਤੀ-ਬਾੜੀ ਯਾ ਵਣਜ ਕਰਨਾ ਔਖਾ ਕੰਮ ਸੀ, ਇਸ ਲਈ ਘਰ ਛਡ ਕੇ ਭੱਜ ਗਿਆ ਹੈ।" ਕੋਈ ਕਹਿੰਦਾ "ਸਾਧ ਹੋਇਆਂ ਚੰਗਾ-ਚੋਖਾ ਮੁਫਤ ਦਾ ਖਾਣ ਨੂੰ ਜੋ ਮਿਲਦਾ ਹੈ ਤਾਂ ਧੰਧਾ ਕਰਨ ਦੀ ਕੀ ਲੋੜ?" ਇਉਂ ਐਸੇ ਲੋਕਾਂ ਦੀਆਂ ਗਲਾਂ ਸੁਣ ਕੇ ਇਹਨਾਂ ਦੇ ਨੇਤਰ ਭਰ ਆਉਂਦੇ ਕਿ ਜਿਸ ਪਿਤਾ ਦੀਆਂ ਚੰਗਿਆਈਆਂ ਵਡਿਆਈਆਂ ਉਸ ਭੂਆ ਨਾਨਕੀ ਪਾਸੋਂ ਸੁਣਦੇ ਹੁੰਦੇ ਸਨ, ਇਹਨਾਂ ਮਾਮਿਆਂ ਤੇ

ਨਾਨਿਆਂ ਪਾਸੋਂ ਹਾਸੀ ਭਰੀ ਨਿੰਦਾ ਸੁਣ ਸੁਣ ਕੇ ਸਹਾਰ ਨ ਸਕਦੇ ਤੇ ਦੁਖੀ ਹੁੰਦੇ ਸਨ।

ਇਹੋ ਜਿਹੇ ਲੋਕਾਂ ਨੂੰ ਜਿਵੇਂ ਬੇਬੇ ਨਾਨਕੀ ਜੀ ਇਹਨਾਂ ਸਾਹਮਣੇ ਕਈ ਵਾਰ ਸੁਲਤਾਨ ਪੁਰ ਵਿਚ ਉੱਤਰ ਦੇ ਕੇ ਨਿਰੁੱਤਰ ਕਰਿਆ ਕਰਦੇ ਸਨ।

## ਬਾਬਾ ਸ੍ਰੀ ਚੰਦ ਜੀ ਨਾਲ ਹਾਸੇ ਦੀਆਂ ਗਲਾਂ

ਇਕ ਦਿਨ ਇਹਨਾਂ ਮਾਮਿਆਂ ਤੇ ਬਾਬਿਆਂ ਨੇ ਬਾਹਿਰ ਨੂੰ ਜਾਂਦੇ ਬਾਬਾ ਸ੍ਰੀ ਚੰਦ ਨੂੰ ਕਮਲੀਏ ਦੇ ਮੋਢੇ ਉਤੋਂ ਦੀ ਉਤਾਰ ਲਿਆ। ਇਹਨਾਂ ਨੂੰ ਬਾਬਾ ਜੀ ਦੀਆਂ ਪਿਆਰ ਭਰੀਆਂ ਮਿੱਠੀਆਂ ਤੇ ਤੋਤਲੀਆਂ ਗਲਾਂ ਸੁਨਣ ਦਾ ਫੇਰ ਚਾਅ ਹੋਇਆ। ਕਈਆਂ ਨੇ ਕਈ ਤਰ੍ਹਾਂ ਦੇ ਹਾਸੀ ਹਾਸੀ ਵਿਚ ਪ੍ਰਸ਼ਨ ਕੀਤੇ। ਕਦੀ ਇਹਨਾਂ ਦੇ ਕੰਨ ਦੀ ਕੁਦਰਤੀ ਮੁੰਦਰਾਂ ਨੂੰ ਖਿੱਚਦੇ ਤੇ ਕਾਰਨ ਪੁਛਦੇ? ਕਦੀ ਲੰਗੋਟੀ ਨੂੰ ਛੇੜਦੇ, ਕਦੀ ਆਖਦੇ "ਤੁਸੀਂ ਨੰਗ ਧੜੰਗ ਕਿਉਂ ਫਿਰਦੇ ਹੋ? ਤੁਸੀਂ ਕੰਘੀ ਕਿਉਂ ਨਹੀਂ ਕਰਦੇ? ਸਿਰ ਦੇ ਵਾਲ ਕਿਉਂ ਵੇਠੇ ਰਖਦੇ ਹੋ?" ਇਉਂ ਪੁਛਾਂ ਕਰਦੇ। ਪਰ ਬਾਬਾ ਜੀ ਖਿੜ ਖਿੜਾ ਕੇ ਹਸਦ ਹੋਇਆਂ ਇਤਨਾ ਹੀ ਕਹਿੰਦੇ ਕਿ "ਸਾਡੀ ਮਰਜ਼ੀ ਹੈ। ਮਨ ਦੀ ਮੌਜ ਹੈ।" ਕਦੀ ਕਦੀ ਕਿਸੇ ਪ੍ਰਸ਼ਨ ਦਾ ਗਿਆਨ ਵਿਚਾਰ ਨਾਲ ਭਰਿਆ ਉੱਤਰ ਦੇਂਦੇ। ਇਹ ਲੋਕ ਵੀ ਸੁਣ ਸੁਣ ਹੈਰਾਨ ਹੁੰਦ ਸਨ, ਕਿ— ਇਤਨੀ ਛੋਟੀ ਉਮਰ ਤੇ ਇਤਨੀ ਸੂਝ ਬੂਝ ਨਾਲ ਸੁਲਝੀਆਂ ਹੋਈਆਂ ਵਿਚਾਰ ਭਰੀਆਂ ਗਲਾਂ ਕਰਨੀਆਂ ਸੌਖੀ ਗਲ ਨਹੀਂ ਹੈ। ਸਚ ਹੀ ਇਹਨਾਂ ਦੇ ਪਿਤਾ ਨਿਰੰਕਾਰੀ ਜੋਤ ਹਨ। ਉਹਨਾਂ ਦਾ ਗਿਆਨ ਪ੍ਰਕਾਸ਼ ਭੀ ਇਸ ਛੋਟੇ ਬਾਲਕੇ ਵਿਚ ਪ੍ਰਗਟ ਹੈ।

ਇਸ ਤਰਾਂ ਦੀ ਹਾਸੀ ਅਤੇ ਸਿਦਕ ਭਰੀਆਂ ਵਿਚਾਰਾਂ ਇਹ ਪੇਂਡੂ ਲੋਕ ਕਈ ਵਰ ਬਾਬਾ ਸ੍ਰੀ ਚੰਦ ਜੀ ਸਾਹਮਣੇ ਕਰਿਆ ਕਰਦੇ। ਭਾਈ ਕਮਲੀਆ ਤਾਂ ਸਮਝਦੇ ਸਨ ਕਿ ਬਾਬਾ ਜੀ ਨਾਲ ਇਹ ਮਾਮੇ-ਨਾਨੇ, ਦਿਲ ਲਗੀ ਪਏ ਕਰਦੇ ਤੇ ਦਿਲ ਪਰਚਾਉਂਦੇ ਹਨ, ਇਸ ਲਈ ਇਹ ਚੁਪ ਰਹਿੰਦੇ ਤੇ ਮੁਸਕਰਾ ਦਿਆ ਕਰਦੇ। ਪਰ ਅਜ ਦੀਆਂ ਗਲਾਂ ਸੁਣ ਸੁਣ ਕੇ ਬਾਬਾ ਸ੍ਰੀ ਚੰਦ ਵੀ ਖੁਸ਼ ਹੋਏ ਕਿ ਇਹਨਾਂ ਦੀਆਂ ਮਨਭਾਉਂਦੀਆਂ ਸਨ। ਭਾਈ ਕਮਲੀਆ ਨੇ ਇਹਨਾਂ ਦਾ ਰੁਖ ਵੇਖਿਆ ਤਾਂ ਚੁਕ ਕੇ ਘਰ ਲੈ ਆਇਆ। ਅੱਜ ਇਹਨਾਂ ਨੇ ਲੋਕਾਂ ਦੀ ਸਾਰੀ ਕਹੀ ਗਲ ਬਾਤ ਮਾਤ ਸੁਲੱਖਣੀ ਜੀ ਨੂੰ ਸੁਣਾ ਦਿਤੀ ਕਿ ਜਿਵੇਂ ਭੂਆ ਜੀ ਕਹਿੰਦੇ ਸਨ, ਇਥੋਂ ਦੇ ਮਾਮੇ-ਬਾਬੇ ਵੀ ਮੇਰੇ ਪਿਤਾ ਜੀ ਬਾਬਤ ਉਸੇ ਤਰਾਂ ਹੀ ਆਖਦੇ ਰਹੇ ਸਨ।

## ਮੌਲਵੀ ਨੂਰ ਦੀਨ (ਮੀਆਂ ਚੁਗੱਤਾ) ਸਿਦਕੀ ਹੋਇਆ

ਬਾਬਾ ਸ੍ਰੀ ਚੰਦ ਜੀ ਨੂੰ ਨਾਨਕੇ ਘਰ ਆ ਕੇ ਅਲੌਕਿਕ ਜਿਹੀਆਂ ਗਲਾਂ ਕਰਦੇ ਬਹੁਤਿਆਂ ਨੇ ਵੇਖਿਆ ਸੁਣਿਆ ਹੋਇਆ ਸੀ। ਜਿਸ ਤੇ ਪਿੰਡ ਵਿਚ ਚਰਚਾ ਚਲੀ ਰਹਿੰਦੀ ਸੀ। ਇਕ ਦਿਨ ਫੇਰ ਇਹਨਾਂ ਨੂੰ ਮੋਢੇ ਉਤੇ ਬਹਾਇਆਂ ਭਾਈ ਕਮਲੀਆ ਜੀ ਬਾਹਰ ਜਾ ਰਹੇ ਸਨ। ਇਕ ਗਲੀ ਦੇ ਮੋੜ ਉਤੇ ਬੈਠੇ ਕੁਝ ਬੰਦਿਆਂ ਨੇ ਇਹਨਾਂ ਨੂੰ ਰੋਕ ਲਿਆ। ਪਰ ਹੁਣ ਕੋਈ ਹਾਸੀ ਮਖੌਲ ਦੀ ਗਲ ਨਾ ਕੀਤੀ ਸਗੋਂ ਅਦਬ ਤੇ ਸਤਿਕਾਰ ਨਾਲ ਚੌਂਕੀ ਮੰਗਵਾ ਕੇ ਬਿਠਾਇਆ ਤੇ ਗਲਾਂ ਬਾਤਾਂ ਕਰਨ ਲਗ ਪਏ।

ਇਸ ਵੇਲੇ ਇਥੋਂ ਦਾ ਇਕ ਭਲਾ ਲੋਕ "ਮੌਲਵੀ ਨੂਰ ਦੀਨ ਚੁਗੱਤਾ ਇਥੋਂ ਦੀ ਲੰਘਿਆ। ਇਹਦੇ ਆਉਣ ਤੇ ਸਾਰਿਆਂ ਉਠ ਕੇ ਸਲਾਮਾਂ ਕੀਤੀਆਂ। ਇਸ ਨੇ ਬਾਬਾ ਸ੍ਰੀ ਚੰਦ ਦੀ ਚਰਚਾ ਵੀ ਸੁਣੀ ਹੋਈ ਸੀ। ਇਹਨੂੰ ਪਤਾ ਲਗਾ ਕਿ "ਨਾਨਕ ਦਰਵੇਸ਼" ਦਾ ਇਹੋ ਫ਼ਰਜ਼ੰਦ ਹੈ। ਮੀਆਂ ਜੀ ਦਾ ਜੀਅ ਕਰ ਆਇਆ ਅਤੇ ਇਹ ਵੀ ਗਲਾਂ ਸੁਨਣ ਲਗਾ। ਪਰ ਮੀਆਂ ਚੁਗੱਤੇ ਨੇ "ਨਿੱਕਾ ਮੂੰਹ ਤੇ ਵਡੀਆਂ ਬਾਤਾਂ" ਵਾਲੀ ਕਹਾਵਤ ਦਾ ਅਰਥ ਅਜ ਜਾਣਿਆ, ਜਦ ਕਿ ਚੂਜ਼ਿਆਂ ਨੂੰ ਚੁਪ ਕਰਾ ਕੇ ਆਪ ਇਉਂ ਪੁਛਣ ਲਗਾ:—

"ਐ ਛੋਟੇ ਸਾਈਂ! ਹਿੰਦੂ ਰਾਮ ਰਾਮ ਅਤੇ ਮੁਸਲਮਾਨ, ਰੱਬ ਨੂੰ ਰਹੀਮ ਕਿਉਂ ਕਹਿੰਦੇ ਹਨ? ਰੱਬ ਤਾਂ ਇਕ ਹੈ। ਪਰ ਹੱਦਾਂ ਦੋ ਕਿਵੇਂ ਬਣ ਗਈਆਂ ਹਨ?" ਇਹ ਸੁਣਿਆ ਤਾਂ ਬਾਬਾ ਜੀ ਥੋੜਾ ਮੁਸਕਰਾਏ। ਕਿਉਂਕਿ ਇਹਦਾ ਉਤਰ ਇਹਨਾਂ ਨੇ ਆਪਣੇ ਪਿਤਾ ਜੀ ਪਾਸੋਂ ਕਈ ਵੇਰ ਸੁਣਿਆ ਸੀ। ਅਤੇ ਇਕ ਪ੍ਰਸਿਧ ਪ੍ਰਸ਼ਨ ਸੀ, ਜਿਸ ਦਾ ਉਤਰ ਇਹਨਾਂ ਨੂੰ ਚੰਗੀ ਤਰ੍ਹਾਂ ਯਾਦ ਸੀ ਤੇ ਖੁਸ਼ੀ ਖੁਸ਼ੀ ਇਉਂ ਸੁਣਾਇਆ—

"ਮੀਆਂ ਜੀ! ਰੱਬ ਤਾਂ ਸਾਰਿਆਂ ਦਾ ਇਕੋ ਹੈ। ਉਹੀ ਰਾਮ ਹੈ; ਉਹੀ ਰਹੀਮ ਹੈ। ਸਾਰਿਆਂ ਬੰਦਿਆਂ-ਪਸ਼ੂਆਂ, ਪੰਛੀਆਂ-ਕੀੜੀਆਂ, ਮੱਛਰਾਂ—ਧਰਤੀ ਅਤੇ ਪਾਣੀ ਦੇ ਸਾਰੇ ਜੰਤਾਂ ਵਿਚ ਅਤੇ ਬਾਹਰ ਵੀ ਹਰ ਪਾਸੇ ਰਮਿਆ ਹੋਇਆ ਹੈ—ਜਿਸ ਤੇ ਉਹਨੂੰ "ਰਾਮ" ਕਹਿੰਦੇ ਹਨ।

ਉਹ ਜ਼ਾਲਮਾਂ, ਪਾਪੀਆਂ ਨੂੰ ਸਜ਼ਾ ਵੀ ਦਿੰਦਾ ਹੈ। ਪਰ ਕਈ ਐਸੇ ਪਾਪ ਸਾਰਿਆਂ ਪਾਸੋਂ ਨਿੱਤ ਹੁੰਦੇ ਹਨ ਜੋ ਚਿਤ-ਚੇਤੇ ਥੀਂ ਬਾਹਰ ਹੋ ਜਾਂਦੇ ਹਨ; ਇਹਨਾਂ ਥੀਂ ਕੋਈ ਬਚਾ ਵੀ ਨਹੀਂ ਸਕਦਾ। ਉਹ ਪਾਣੀ ਪੀਂਦਿਆਂ, ਅੰਨ-ਭਾਜੀ ਬਣਾਂਦਿਆਂ, ਕਿਰਤ ਕਾਰ ਕਰਦਿਆਂ, ਪੈਦਲ ਚਲਦਿਆਂ, ਸਾਹ ਲੈਂਦਿਆਂ ਅਸੇ ਕਈ ਜੀਉ ਮਿੱਧ ਮਾਰ ਦਿੰਦੇ ਹਾਂ। ਪਰ ਉਹ ਰੱਬ ਸਾਡੇ ਤੇ ਰਹਿਮ ਕਰਦਾ ਹੈ। ਸਾਡੇ ਇਸ ਤਰ੍ਹਾਂ ਦੇ ਨਿੱਤ ਕੀਤੇ ਪਾਪਾਂ, ਗੁਨਾਹਾਂ ਨੂੰ ਵੇਖਦਾ ਹੋਇਆ ਭੀ ਰਹਿਮ ਕਰ ਕੇ ਮੁਆਫ਼ ਕਰਦਾ ਹੈ। ਏਸ ਲਈ ਉਹ ਰਹਿਮ ਕਰਨ ਵਾਲਾ ਰਹੀਮ ਹੈ।

ਸਾਰਿਆਂ ਦਾ ਸਾਹਿਬ ਉਹ ਆਪ ਇਕੋ ਰੱਬ ਹੈ। ਉਹਦੇ ਬੰਦਿਆਂ ਨੇ ਬੇਸਮਝੀ ਵਿਚ "ਹਿੰਦੂ, ਮੁਸਲਮਾਨ" ਨਾਮ ਦੀਆਂ ਦ ਹੱਦਾਂ ਮਿੱਥ ਲਈਆਂ ਹਨ। ਚੰਗੇ ਉਹਾ ਹਨ; ਜੋ ਉਹਦਾ 'ਰਾਮ ਰਾਮ' ਯਾ ਰਹੀਮ—ਕੋਈ ਵੀ ਨਾਮ ਜਪਦੇ; ਉਹਨੂੰ ਨੇੜੇ ਜਾਣਦੇ; ਦੁਖੀਆਂ ਗਰੀਬਾਂ ਉਤੇ ਤਰਸ ਕਰਦੇ ਹਨ। ਬਾਕੀ ਦੇ ਕੋਈ ਹਿੰਦੂ ਅਖਵਾਏ ਯਾ ਮੁਸਲਮਾਨ; ਦੋਵੇਂ ਰੱਦ ਹਨ।"

ਸ੍ਰੀ ਬਾਬਾ ਜੀ ਪਾਸੋਂ ਆਪਣੇ ਪ੍ਰਸ਼ਨ ਦਾ ਸਹੀ ਉਤਰ ਸੁਣ ਕੇ ਨੇਕ ਦਿਲ ਮੀਆਂ ਚੁਗੱਤੇ ਨੇ ਸਰ੍ਹਾ-ਸ਼ਰੀਅਤ ਦੀ ਕੋਈ ਪਰਵਾਹ ਨ ਕੀਤੀ, ਇਹਨਾਂ ਦੇ ਚਰਨਾਂ ਉਤੇ ਸਿਰ ਧਰ ਕੇ ਸਿਜਦਾ ਕੀਤਾ, ਆਖਿਆ—'ਨਾਨਕ ਦਰਵੇਸ਼ ਵੀ ਧੰਨ ਹੈ ਤੇ ਉਹਨਾਂ ਦਾ ਇਹ ਛੋਟਾ "ਸਾਂਈ ਮਲੰਗ" ਫ਼ਰਜ਼ੰਦ ਵੀ ਧੰਨ ਹੈ। ਜਿਸ ਦੇ ਆਪਣੇ ਉਤੇ ਅਲ੍ਹਾ ਦਾ ਫ਼ਜ਼ਲ ਹੈ। ਉਹਦੇ ਬੇਟੇ ਉਤੇ ਵੀ ਅਲ੍ਹਾ ਦਾ ਫ਼ਜ਼ਲ ਕਿਉਂ ਨ ਹੋਵੇ?" ਇਉਂ ਪਰੇਮ ਨਾਲ ਭਰਿਆ ਚੁਗੱਤਾ ਇਹਨਾਂ ਦੀ ਉਸਤਤੀ ਕਰਦਾ ਚਲਾ ਗਿਆ ਅਤੇ ਲੋਕਾਂ ਵੀ ਧੰਨ ਧੰਨ ਆਖਿਆ।

# ਬਾਬਾ ਜੀ ਮਸਤ ਰਹਿਣ ਲੱਗੇ

ਬਾਬਾ ਸ੍ਰੀ ਚੰਦ ਜੀ ਦੀ ਬਾਲ ਵਰੇਸ ਅਤੇ ਗੁਣ ਗਿਆਨ ਦੀ ਚਰਚਾ ਪੱਖੋਕੇ ਵਿਚ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿਚ ਵੀ ਫੈਲੀ ਜਾ ਰਹੀ ਸੀ। ਬਹੁਤ ਲੋਕੀਂ ਵੇਖਣ ਪਰਤਾਉਣ ਦੇ ਬਹਾਨੇ ਆਉਂਦੇ ਅਤੇ ਬੇਲੋੜੇ ਹੀ ਪੁਛਾਂ ਕਰਦੇ ਰਹਿੰਦੇ। ਇਹੋ ਜਿਹਾਂ ਪਾਸੋਂ ਬਾਬਾ ਜੀ ਅੱਕ ਥੱਕ ਚੁਕੇ ਸਨ। ਜਿਸ ਲਈ ਹੁਣ ਜ਼ਿਆਦਾ ਮਸਤ ਹੀ ਰਿਹਾ ਕਰਦੇ। ਕਿਸੇ ਦੇ ਬੋਲਣ ਬੁਲਾਣ ਵਲ ਵੀ ਇਤਨਾ ਧਿਆਨ ਨਾ ਦਿੰਦੇ ਅਤੇ ਬਹੁਤਾ ਚਿਰ ਸਮਾਧੀ ਲਾ ਕੇ ਇਕਾਂਤ ਹੀ ਬੈਠੇ ਮਸਤ ਰਿਹਾ ਕਰਦੇ ਸਨ।

ਇਹ "ਪੱਖੋਕੇ" ਰੰਧਾਵਿਆਂ ਚੌਹਧਰੀਆਂ ਦਾ ਪਿੰਡ ਸੀ। ਬਾਬਾ ਸ੍ਰੀ ਚੰਦ ਦੇ ਨਾਨਾ ਮੂਲ ਚੰਦ ਜੀ ਵਟਾਲੇ ਦੇ ਵਸਨੀਕ ਅਤੇ ਪੱਖੋਕੇ ਦੇ ਪਟਵਾਰੀ ਸਨ। ਇਥੋਂ ਦੇ ਮਾਲਕ ਚੌਧਰੀ ਅਜਿਤਾ ਰੰਧਾਵਾ ਜੀ ਸਨ। ਇਹ ਜਿਤਨੇ ਰੱਜੇ ਹੋਏ ਧਨੀ ਸਨ, ਇਤਨੇ ਹੀ ਨਿਰਮਾਨ ਤੇ ਭਲੇ ਪੁਰਸ਼ ਵੀ ਸਨ। ਇਹਨਾਂ ਨੇ ਬਾਬਾ ਸ੍ਰੀ ਚੰਦ ਜੀ ਦੀ ਮਹਿਮਾ ਕਈ ਵਾਰ ਸੁਣੀ ਸੀ। ਫੇਰ ਮੀਆਂ ਚੁਗੱਤੇ ਵਾਲੀ ਗਲ ਨੇ ਚੌਹਧਰੀ ਅਜਿਤਾ ਜੀ ਦੀ ਸ਼ਰਧਾ ਬਹੁਤ ਵਧਾ ਦਿਤੀ, ਅਜਿਤਾ ਜੀ ਦੇ ਮਿੱਤਰ ਗੁਰਦਿੱਤਾ ਤੇ ਇਕ ਸ਼ਾਮ ਦਾਸ ਪੰਡਿਤ ਨੇ ਵੀ ਬਹੁਤ ਉਸਤਤਿ ਕੀਤੀ ਤੇ ਬਾਬਾ ਜੀ ਨੂੰ ਸਲਾਹਿਆ। ਸ਼ਾਮ ਦਾਸ ਨੇ ਇਹ ਵੀ ਦਸਿਆ ਕਿ ਸ੍ਰੀ ਚੰਦ ਤਾਂ ਅੱਠ-ਨੌ ਸਾਲਾਂ ਦਾ ਹੈ। ਉਹਨੇ ਆਪਣੀਆਂ ਪਿਆਰੀਆਂ ਤੇ ਮਿੱਠੀਆਂ ਗਲਾਂ ਤੇ ਮਲੰਗਾਂ ਫਕੀਰਾਂ ਜਿਹੀ ਸ਼ਕਲ-ਸੂਰਤ ਨਾਲ ਲੋਕਾਂ ਦਾ ਮਨ ਮੋਹ ਹੀ ਲਿਆ ਹੈ। ਪਰ ਉਹਦਾ ਛੋਟਾ ਭਾਈ, ਜਿਸ ਦਾ ਨਾਂ ਲਖਮੀ ਚੰਦ ਹੈ, ਤੇ ਮਸਾਂ ਅਜੇ ਪੰਜ ਸਾਲਾਂ ਦਾ ਹੀ ਹੋਇਆ ਹੈ, ਉਹ ਵੀ ਸ਼ਕਲ ਸੂਰਤ ਤੇ ਸੁੰਦਰਤਾ ਵਿਚ ਆਪਣੀ ਮਿਸਾਲ ਆਪ ਹੀ ਦਸਦੇ ਹਨ। ਉਹ ਬੜਾ ਹੱਸਮੁੱਖ ਤੇ ਖਿੜਿਆ ਮੱਥਾ ਹਸੂੰ ਹਸੂੰ ਕਰਦਾ ਮੋਤੀਆਂ ਵਾਂਗੂ ਦੰਦੀਆਂ ਖਿੜਾਈ ਰਖਦਾ ਹੈ। ਕੋਈ ਬੁਲਾਏ ਤਾਂ ਹੱਸਦਾ ਹੱਸਦਾ ਦੌੜਦਾ ਉਹਦੇ ਪਾਸ ਚਲਾ ਜਾਂਦਾ ਹੈ। ਇਹਨਾਂ ਦਾ ਆਪਣਾ ਪਿਤਾ ਅੱਖਾਂ ਸਾਹਮਣੇ ਨਹੀਂ ਤੇ ਦੂਜੇ ਬੰਦੇ ਨੂੰ ਵੇਖ ਕੇ ਹਿਰਸ ਵਿਚ ਭਰ ਜਾਂਦਾ ਹੈ। ਸੁਣਿਆ ਹੈ, ਕਿ ਸੁਲੱਖਣੀ ਉਹਨੂੰ ਕਿਤੇ ਬਾਹਰ ਨਹੀਂ ਲਿਜਾਣ ਦੇਂਦੀ, ਮਤਾਂ ਕਿਸੇ ਦੀ ਡੀਠ ਨ ਲਗ ਜਾਏ। ਚੌਹਧਰੀ ਜੀ! ਹੈਗੇ ਤਾਂ ਦੋਹਤਰਵਾਨ, ਪਰ ਸੁਲਖਣੀ ਦੇ ਦੋਵੇਂ ਬਾਲਕ ਨਿਆਰੇ ਹੀ ਦੇਖੀ ਸੁਣੀ ਦੇ ਹਨ। ਇਉਂ ਹੀ ਗੁਰਦਿਤੇ ਨੇ ਵੀ ਸ਼ਲਾਘਾ ਕੀਤੀ।

# ਦੋਵੇਂ ਬਾਲਕ ਚੌਹਧਰੀ ਦੇ ਘਰ ਆਏ

ਸ੍ਰੀ ਅਜਿਤਾ ਰੰਧਾਵਾ ਨੇ ਦੋ ਨਿਰਪੱਖ ਬੰਦਿਆਂ ਪਾਸੋਂ ਦੋਹਾਂ ਬਾਲਕਾਂ ਦੀ ਸ਼ੋਭਾ ਸੁਣੀ ਤੇ ਮੂਲ ਚੰਦ ਨੂੰ ਦਸ ਕੇ ਘਰ ਬੁਲਾਣਾ ਕੀਤਾ। ਗੁਰੂ ਜੀ ਦੇ ਦੋਹਾਂ ਸਾਹਿਬਜ਼ਾਦਿਆਂ ਦੇ ਆਉਣ ਤੇ ਉਹਨੇ ਪਿਆਰ ਕੀਤਾ ਤੇ ਆਪਣੇ ਨਾਲ ਮੰਜੇ ਉਤੇ ਬਹਾਇਆ। ਚੌਹਧਰੀ ਸ਼ਿਵਜੀ ਭਗਵਾਨ ਦਾ ਉਪਾਸ਼ਕ ਸੀ। ਸ਼ਿਵ ਰੂਪ ਸ੍ਰੀ ਚੰਦ ਜੀ ਦਾ ਦਰਸ਼ਨ ਕਰਦਿਆਂ ਹੀ ਇਹਦਾ ਮਨ ਠਰ ਗਿਆ। ਕਾਗਜ਼ਾਂ ਤੇ ਪੱਥਰਾਂ ਦੀਆਂ ਬਣੀਆਂ ਸ਼ਿਵ ਮੂਰਤਾਂ ਦਾ ਧਿਆਨ ਧਰਨ ਵਾਲੇ ਨੂੰ ਅਜ ਮਾਨੋ ਉਸ ਰੂਪ ਤੇ ਉਹੋ ਜਿਹੇ ਨੰਗ ਧੜੰਗ ਸ੍ਰੀ ਚੰਦ ਜੀ ਦੇ ਦਰਸ਼ਨ ਹੋਏ। ਅਪਣੇ ਅਪਣੇ ਇਸ਼ਟ ਦਾ ਰੂਪ ਰੰਗ ਤੇ ਭੇਖ ਸਭ ਨੂੰ ਪਿਆਰਾ ਲਗਦਾ ਹੈ। ਇਹ ਕੁਦਰਤੀ ਗਲ ਹੈ। ਚੌਹਧਰੀ ਨੂੰ ਫਰਕ ਇਤਨਾ ਹੀ ਦਿਸਿਆ ਕਿ ਸ਼ਿਵਜੀ ਦਾ ਰੰਗ ਗਲੇ ਵਿਚ ਜ਼ੈਹਰ ਧਾਰਨ ਕਰਨ ਨਾਲ ਨੀਲਾ ਹੈ ਤੇ ਸ੍ਰੀ ਚੰਦ ਗੋਰੇ ਨਿਛੋਹ ਹਨ।

ਬਾਕੀ ਸਿਰ ਦੇ ਵਾਲ ਸੁਨਹਿਰੀ ਤੇ ਉਸੇ ਤਰ੍ਹਾਂ ਵੇਠੇ ਹੋਏ ਲਿਟਾਂ (ਬਾਵਰਾਂ) ਹਨ। ਲੱਕ ਖ਼ੁਪੀਨ ਤੇ ਕੰਨੀ ਇਕ ਮੁੰਦਰਾ ਹੈ—ਸ਼ਿਵਜੀ ਬਿਭੂਤ ਮਲਦੇ ਤੇ ਸ੍ਰੀ ਚੰਦ ਖੇਡ ਖ਼ੂਡ ਕਰ ਕੇ ਨੰਗੇ ਸਰੀਰ ਸਾਰੇ ਅੰਗ ਧੂੜ ਨਾਲ ਭਰੇ ਹੋਏ ਸਨ। ਨਾਨੇ ਨੇ ਕੋਸ਼ਿਸ਼ ਕੀਤੀ ਕਿ ਨੁਹਾ ਧੁਆ ਕੇ ਲੈ ਚਲੇ, ਪਰ ਏਹ ਨਹੀਂ ਮੰਨੇ ਸਨ, ਇਸੇ ਤਰ੍ਹਾਂ ਆਏ।

ਤਿਵੇਂ ਹੀ ਲਖਮੀ ਚੰਦ ਜੀ ਦਾ ਮੂੰਹ-ਮੁਹਾਂਦਰਾ ਵੀ ਨਿਆਰਾ ਹੀ ਡਿੱਠਾ। ਚੌਹਧਰੀ ਦੀਆਂ ਅੱਖਾਂ ਜਦ ਇਹਨਾਂ ਦੀਆਂ ਸੁੰਦਰ ਅੱਖਾਂ ਨਾਲ ਜੁੜੀਆਂ ਤਾਂ ਲਖਮੀ ਚੰਦ ਵੀ ਇਹਨਾਂ ਨੂੰ ਦੂਜ ਦੇ ਚੰਨ ਹੀ ਦਿਸੇ। ਇਹਨਾਂ ਵਿਚ ਵੀ ਇਤਨਾਂ ਫਰਕ ਡਿਠਾ ਕਿ ਦੂਜ ਦਾ ਚੰਨ ਸ਼ਿਵਾਂ ਦੇ ਮਸਤਕ ਵਿਚ ਚਮਕਦਾ ਹੈ। ਪਰ ਇਹ ਇਥੇ ਸ੍ਰੀ ਚੰਦ ਜੀ ਦੇ ਖੱਬੇ ਅੰਕ ਮੰਜੇ ਤੇ ਬੈਠੇ ਚਮਕਦੇ ਸਨ। ਚੌਹਧਰੀ ਅਜਿਤਾ ਬੜਾ ਸਿਆਣਾ ਤੇ ਦੁਨੀਆ ਨਾਲ ਹੰਢਿਆ ਬੰਦਾ ਸੀ। ਇਸ ਨੇ ਸੰਤਾਂ, ਫਕੀਰਾਂ ਤੇ ਪੰਡਤਾਂ ਪਾਸੋਂ ਚੰਗੇ ਭਾਗਾਂ ਵਾਲੇ ਹੋਣਹਾਰ ਬਚਿਆਂ ਦੇ ਲੱਛਣਾਂ ਦਾ ਨਿਰਣਾ ਕਈ ਵਾਰ ਸੁਣਿਆ ਹੋਇਆ ਸੀ, ਇਸ ਨੂੰ ਨਾਨਕ ਨਿਰੰਕਾਰੀ ਦੇ ਇਹਨਾਂ ਦੋਹਾਂ ਲਾਲਾਂ ਦੇ ਚਿਹਨ-ਚੱਕਰਾਂ ਥੀਂ ਨਿਸ਼ਚਾ ਹੋ ਗਿਆ ਕਿ ਲੋਕੀਂ ਜੋ ਕੁਝ ਆਖਦੇ ਹਨ, ਸੱਚ ਹੀ ਤਾਂ ਆਖਦੇ ਹਨ। ਚੌਹਧਰੀ ਜੀ ਨੂੰ ਇਕੱਠੀਆਂ ਬੈਠੀਆਂ ਇਹ ਦੋਵੇਂ ਦਿੱਬ ਜੋਤਾਂ ਮਾਨੋਂ ਧਰਤੀ ਦੇ ਦੋਵੇਂ ਸੂਰਜ ਤੇ ਚੰਨ੍ਹ ਹੀ ਦਿਸੇ। ਚੌਹਧਰੀ ਨੇ ਬਹੁਤ ਕੁਝ ਫਲ ਮਿਠਾਈ ਦੇ ਕੇ ਟੋਰੇ ਤੇ ਅਗੇ ਨੂੰ ਪੱਕਾ ਸਾਦਿਕ ਹੋਇਆ।

ਬਾਬਾ ਸ੍ਰੀ ਚੰਦ ਜੀ 10 ਸਾਲਾਂ ਤੋਂ ਉਤੋਂ ਦੇ ਹੋਏ ਤਾਂ ਕਮਲੀਆ ਜੀ ਨੂੰ ਨਾਲ ਲੈ ਕੇ ਪੱਖੋਕੇ ਤੋਂ ਚਾਰ ਮੀਲ ਦਖਣ ਵਲ ਘਣੇ ਜੰਗਲ ਵਿਚ ਜਾ ਬੈਠੇ। ਇਥੇ ਸਮਾਧੀ ਵਿਚ ਲੀਨ ਹੋ ਗਏ। ਇਕ ਦਿਨ ਤੇ ਇਕ ਰਾਤ ਇਸੇ ਤਰ੍ਹਾਂ ਅਡੋਲ ਬੈਠੇ ਬੀਤ ਗਏ। ਉਧਰ ਮਾਤਾ ਜੀ ਤੇ ਸਾਰਿਆਂ ਨੂੰ ਚਿੰਤਾ ਰਹੀ ਕਿ ਕਿਥੇ ਗਏ ਹਨ? ਪਰ ਕਮਲੀਆ ਜੀ ਨੇ ਘਰ ਵਾਲਿਆਂ ਨੂੰ ਜਾ ਕੇ ਆਖ ਦਿਤਾ ਤਦ ਤਸੱਲੀ ਹੋਈ ਤੇ ਫੇਰ ਬਾਬਾ ਜੀ ਪਾਸ ਜਾ ਕੇ ਬੈਠ ਗਿਆ।

ਜੰਗਲ ਵਿਚੋਂ ਲੰਘਦਿਆਂ ਇਕ ਬਿਸ਼ਨ ਦਾਸ ਬ੍ਰਾਹਮਣ ਨੇ ਇਹਨਾਂ ਨੂੰ ਦੇਖਿਆ ਤਾਂ ਨੇੜੇ ਆ ਕੇ ਬੈਠਣ ਦਾ ਕਾਰਨ ਪੁਛਿਆ। ਕਮਲੀਆ ਜੀ ਨੇ ਦਸਿਆ ਕਿ "ਇਹ ਗੁਰੂ ਨਾਨਕ ਦੇਵ ਜੀ ਦੇ ਪੁਤਰ ਹਨ ਤੇ ਭਜਨ ਦੀ ਸ਼ੌਕ ਨਾਲ ਕਲ੍ਹ ਦੇ ਸਮਾਧੀ ਲਾ ਕੇ ਬੈਠੇ ਹਨ।" ਸ੍ਰੀ ਬਾਬਾ ਜੀ ਦੇ ਨੇਤਰ ਵੀ ਖੁਲੇ ਤਾਂ ਬ੍ਰਾਹਮਣ ਨੇ ਨਿਕਾ ਜਿਹਾ ਜੋਗੀ ਜਾਣ ਕੇ ਸਿਰ ਨਿਵਾਇਆ ਅਤੇ ਆਪ ਦੇ ਇਸ ਹੱਠ ਦੀ ਸ਼ਲਾਘਾ ਕੀਤੀ। ਨਾਲ ਹੀ ਉਸ ਨੇ ਇਸ ਤਰ੍ਹਾਂ ਦੇ ਪ੍ਰਸ਼ਨ ਕੀਤੇ ਜਿਨ੍ਹਾਂ ਦੇ ਯੋਗ ਉਤਰ ਦੇ ਕੇ ਬਾਬਾ ਜੀ ਨੇ ਉਸ ਨੂੰ ਨਿਹਾਲ ਕਰ ਦਿਤਾ।

## ਬਾਬਾ ਸ੍ਰੀ ਚੰਦ ਤਲਵੰਡੀ ਆਏ

ਬਾਬਾ ਸ੍ਰੀ ਚੰਦ ਜੀ ਹੁਣ ਲਗ ਪਗ ਗਿਆਰਾਂ ਸਾਲਾਂ ਦੇ ਸਨ। ਜਦ ਕਿ ਗੁਰੂ ਪਿਤਾ ਜੀ ਨੂੰ ਪਰਦੇਸ ਗਏ ਤਿੰਨ ਸਾਲ ਹੋਣ ਲਗੇ ਸਨ। ਉਧਰ ਤਲਵੰਡੀ ਵਿਚ ਪਿਤਾ ਕਾਲੂ ਜੀ ਤੇ ਮਾਤਾ ਤ੍ਰਿਪਤਾ ਜੀ ਦਾ ਦਿਲ ਬਹੁਤ ਉਦਾਸ ਰਿਹਾ ਕਰਦਾ ਸੀ। ਕਿਉਂਕਿ ਉਹਨਾਂ ਦਾ ਦਿਲ-ਪਰਚਾਵਾ ਕੋਈ ਵੀ ਅੱਖਾਂ ਸਾਹਵੇਂ ਨਹੀਂ ਸੀ। ਸ੍ਰੀ ਕਾਲੂ ਜੀ ਨੂੰ ਆਪਣੇ ਕੁੜਮ ਸ੍ਰੀ ਮੂਲ ਚੰਦ ਜੀ ਉਤੇ ਚਾਹੇ ਇਸ ਗਲ ਦਾ ਬਹੁਤ ਵੱਟ ਸੀ ਕਿ ਇਹਨਾਂ ਨੇ, ਇਹਨਾਂ ਦੇ ਸਪੁਤਰ ਸ੍ਰੀ ਨਾਨਕ ਨੂੰ ਪਰਦੇਸ ਗਮਨ ਵੇਲੇ

ਬਹੁਤ ਕੌੜਵੇ ਸ਼ਬਦ ਵਰਤੇ ਸਨ ਜੋ ਕਾਲੂ ਜੀ ਨੂੰ ਪਤਾ ਲਗ ਗਿਆ ਸੀ । ਇਸ ਕਾਰਨ ਪੱਖੋਕੇ ਜਾਣ ਤੇ ਦਿਲ ਨਹੀਂ ਸੀ ਕਰਦਾ । ਪਰ ਫ਼ਿਰ ਵੀ ਦੋਹਾਂ ਪੋਤਰਿਆਂ ਦੇ ਮੋਹ ਨੇ ਇਹਨਾਂ ਨੂੰ ਪੱਖੋਕੇ ਖਿਚ ਲਿਆਂਦਾ ਤੇ ਸਾਰਿਆਂ ਨੂੰ ਮਿਲ ਕੇ ਨਿਹਾਲ ਹੋਏ ।

ਪਿਤਾ ਕਾਲੂ ਜੀ ਨੇ ਇਥੇ ਆ ਕੇ ਵੀ ਕੁੜਮਾਂ ਦੀਆਂ ਬਹੁਤ ਸਾਰੀਆਂ ਗਿਲੇ-ਗੁਜ਼ਾਰੀਆਂ ਸੁਣੀਆਂ । ਪਰ ਇਹਨਾਂ ਦਾ ਇਹੋ ਉਤਰ ਸੀ ਕਿ "ਨਾਨਕ ਨੂੰ ਇਹੋ ਕੁਝ ਭਾਂਵਦਾ ਸੀ, ਕਰਤਾਰ ਦਾ ਹੁਕਮ ਦਸ ਕੇ ਸ਼ੁਰੂ ਥੀਂ ਅਜਿਹੇ ਸੁਭਾਓ ਦਾ ਰਿਹਾ ਹੈ ।" ਪਿਤਾ ਕਾਲੂ ਜੀ ਨੇ ਕੁਝ ਦਿਨ ਰਹਿਕੇ ਆਪਣੇ ਆਉਣ ਦਾ ਮਨੋਰਥ ਦਸਿਆ ਤੇ ਪੋਤਰਿਆਂ ਸਮੇਤ ਸ੍ਰੀ ਸੁਲੱਖਣੀ ਨੂੰ ਨਾਲ ਲੈ ਜਾਣ ਨੂੰ ਆਖਿਆ ਪਰ ਸ੍ਰੀ ਮੂਲ ਚੰਦ ਤੇ ਚੰਦੋ ਰਾਣੀ ਨੇ ਸਿਰਫ਼ ਸ੍ਰੀ ਚੰਦ ਤੇ ਲਖਮੀ ਚੰਦ ਅਤੇ ਕਮਲੀਆ ਸੇਵਕ ਲੈ ਜਾਣ ਨੂੰ ਮੰਨਿਆ । ਉਹ ਵੀ ਛੇਤੀ ਹੀ ਮੁੜ ਆਉਣ ਦਾ ਇਕਰਾਰ ਲੈ ਕੇ ਤਿੰਨਾਂ ਨੂੰ ਤਲਵੰਡੀ ਤੋਰਿਆ ਸੀ ।

ਤਲਵੰਡੀ ਆਉਣ ਤੇ ਮਾਤਾ ਤ੍ਰਿਪਤਾ ਜੀ ਅਤੇ ਗੁਰੂ ਨਾਨਕ ਜੀ ਦੇ ਚਾਚਾ ਲਾਲ ਚੰਦ (ਲਾਲੂ ਜੀ) ਸਾਰਿਆਂ ਨੂੰ ਬੇਅੰਤ ਖੁਸ਼ੀ ਹੋਈ। ਇਹਨਾਂ ਦੇ ਸਿਰਵਾਰਨੇ ਕੀਤੇ ਅਤੇ ਗਲੇ ਲਗਾ ਕੇ ਸੀਨੇ ਠਾਰੇ । ਨਗਰ ਵਾਸੀਆਂ ਤਾਈਂ ਹੈਰਾਨੀ ਹੋ ਰਹੀ ਸੀ ਕਿ ਇਹੋ ਜਿਹੇ ਅਮੋਲਕ ਪੁਤਰਾਂ ਦੇ ਦੇਖਣ ਨੂੰ ਲੋਕੀਂ ਤਰਸਦੇ ਹਨ । ਪਰ ਗੁਰੂ ਨਾਨਕ ਜੀ ਨੇ ਕਿਤਨਾ ਨਿਰਮੋਹਤਾ ਦਾ ਸਬੂਤ ਦਿਤਾ ਅਤੇ ਜਗਤ ਭਲਾਈ ਨੂੰ ਹੀ ਮੁਖ ਰਖਿਆ ਹੈ ।

ਬਾਬਾ ਸ੍ਰੀ ਚੰਦ ਜੀ ਦੀ ਬ੍ਰਿਤੀ ਵੀ ਭਜਨ ਸਿਮਰਨ ਵਲ ਲਗੀ ਦੇਖ ਕੇ ਤਲਵੰਡੀ ਦ ਲੋਕੀਂ ਵੀ ਹੈਰਾਨ ਹੁੰਦੇ ਤੇ ਮਹਿਸੂਸ ਕਰਦੇ ਸਨ ਕਿ ਇਹ ਵੀ ਸ਼ਾਂਤੀ ਦਾ ਪੁੰਜ ਹੈ । ਦਾਦਾ ਕਾਲੂ ਜੀ ਨੂੰ ਇਹ ਸੰਸਾ ਪੈ ਗਿਆ ਸੀ ਕਿ ਇਹ ਵੀ ਫਕੀਰ ਤਬੀਅਤ ਦਾ ਦਿਸਦਾ ਹੈ। ਜਿਸ ਤੇ ਇਸ ਨੇ ਹਰਦਿਆਲ ਪੰਡਤ ਪਾਸ ਇਹਨਾਂ ਨੂੰ ਇਸ ਖਿਆਲ ਨਾਲ ਪੜ੍ਹਣ ਪਾ ਦਿਤਾ ਕਿ ਦੁਨਿਆਵੀ ਕਾਰ-ਵਿਹਾਰ ਨ ਵੀ ਕਰ ਸਕਿਆ ਤਾਂ ਇਸੇ ਪੰਡਤ ਦੀ ਤਰ੍ਹਾਂ ਧਾਰਮਿਕ ਵਿਦਿਆ ਅਭਿਆਸ ਰਾਹੀਂ ਆਪਣੇ ਨਿਰਬਾਹ ਲਈ ਤਾਂ ਕੁਝ ਸਿਖ ਜਾਏਗਾ । ਪਰ ਕਾਲੂ ਜੀ ਨੂੰ ਕੀ ਪਤਾ ਸੀ ਕਿ ਅਪਣੇ ਸਮੇਂ ਵਿਚ ਸ੍ਰੀ ਚੰਦ ਜੀ ਰਿਧੀਆਂ ਸਿਧੀਆਂ ਦਾ ਭੰਡਾਰ ਅਤੇ ਜਗਤ ਤਾਰਕ ਹੋਇਗਾ ।

ਬਾਬਾ ਸ੍ਰੀ ਚੰਦ ਜੀ ਨੂੰ ਅਖਰ ਬੋਧ ਅਤੇ ਥੋੜਾ ਲਿਖਣਾ ਪੜ੍ਹਨਾ ਸੁਲਤਾਨ ਪੁਰ ਵਿਚ ਹੀ ਹੋ ਚੁਕਾ ਸੀ । ਪਹਿਲੇ ਪਿਤਾ ਗੁਰੂ ਨਾਨਕ ਜੀ ਨੇ ਤੇ ਫੇਰ ਭੂਆ ਨਾਨਕੀ ਜੀ ਨੇ ਇਹਨਾਂ ਨੂੰ ਇਸ ਪਾਸੇ ਲਾਈ ਰਖਿਆ ਸੀ । ਫਿਰ ਵੀ ਇਥੇ ਤਲਵੰਡੀ ਆ ਕੇ ਪੰਡਤ ਜੀ ਪਾਸੋਂ ਪੁਰਾਣਕ ਸਾਖੀਆਂ ਸੁਣ ਸੁਣ ਕੇ ਇਹਨਾਂ ਦਾ ਉਤਸ਼ਾਹ ਹੋਰ ਵੀ ਵਧ ਗਿਆ ਤੇ ਖੁਸ਼ੀ ਖੁਸ਼ੀ ਪੜ੍ਹਨ ਲਗ ਪਏ ।

ਤਲਵੰਡੀ ਦਾ ਰਾਏ ਬੁਲਾਰ ਗੁਰੂ ਨਾਨਕ ਸਾਹਿਬ ਦਾ ਬਹੁਤ ਸਾਦਕ ਸੀ, ਇਹ ਵੀ ਗੁਰੂ ਨਾਨਕ ਜੀ ਦੇ ਦੋਹਾਂ ਸਾਹਿਬਜ਼ਾਦਿਆਂ ਨਾਲ ਬਹੁਤ ਪਿਆਰ ਕਰਦਾ ਸੀ ਅਤੇ ਕਿਸੇ ਦਾ ਜੀਅ ਨਹੀਂ ਸੀ ਕਰਦਾ ਕਿ ਇਹ ਦੋਵੇਂ ਉਹਨਾ ਦੀਆਂ ਅੱਖੀਆਂ ਤੋਂ ਪਲ ਭਰ ਉਹਲੇ ਹੋਵਣ । ਪਰ ਬਾਬਾ ਸ੍ਰੀ ਚੰਦ ਜੀ ਪੱਖੋਕੇ ਥੀਂ ਆਉਣ ਵੇਲੇ ਜੋ ਇਕਰਾਰ ਕਰ ਆਏ ਸਨ ਕਿ ਛੇਤੀ ਆ ਜਾਵਾਂਗੇ, ਉਹ ਆਪਣੇ ਸਤਵਾਦੀ ਹੋਣ ਦੇ ਸੁਭਾਉ ਕਾਰਨ ਪੂਰਾ ਕਰਨਾ ਸੀ। ਆਪ ਜੀ ਕੁਝ ਮਹੀਨੇ ਹੀ ਤਲਵੰਡੀ ਰਹਿ ਕੇ ਸਾਰਿਆਂ ਦੀ ਪਰਸੰਤਾ ਪਾਈ ਅਤੇ ਮੁੜ ਪੱਖੋਕੇ ਚਲੇ ਜਾਣ ਨੂੰ ਆਖਿਆ, ਤਦ ਦਾਦਾ ਜੀ ਨੇ ਇਕ ਸਿਆਣਾ ਸੇਵਕ ਨਾਲ ਹੋਰ ਲਾ ਕੇ ਇਹਨਾਂ ਨੂੰ ਪੱਖੋਕੇ ਭੇਜ ਦਿਤਾ ।

# ਸ੍ਰੀ ਮਾਤਾ ਜੀ ਦਾ ਪਿਆਰ

ਬਾਬਾ ਸ੍ਰੀ ਚੰਦ ਤੇ ਲਖਮੀ ਚੰਦ ਜੀ ਦੇ ਮੁੜ ਪੱਖੋਕੇ ਆ ਜਾਣ ਤੇ ਸ੍ਰੀ ਮਾਤਾ ਜੀ ਅਤੇ ਨਾਨੀ ਨਾਨੇ ਨੂੰ ਖੁਸ਼ੀ ਹੋਣੀ ਕੁਦਰਤੀ ਗਲ ਸੀ। ਦੋਹਾਂ ਨੇ ਸਾਰਿਆਂ ਨੂੰ ਨਿਮਸਕਾਰਾਂ ਕੀਤੀਆਂ ਤੇ ਅਸੀਸਾਂ ਪਾਈਆਂ। ਇਸੇ ਤਰ੍ਹਾਂ ਮਾਤਾ ਜੀ ਨੂੰ ਸੀਨੇ ਠੰਢ ਪੈ ਰਹੀ ਸੀ। ਕਈ ਮਹੀਨਿਆਂ ਪਿਛੋਂ ਪੁੱਤਾਂ ਦੇ ਮੂੰਹ ਵੇਖੇ ਸਨ। ਦੋਹਾਂ ਨੂੰ ਪਾਸ ਬਹਾ ਕੇ ਰੋਟੀ ਖੁਆਂਦੇ ਅਤੇ ਦਾਦੀ ਦਾਦੇ ਜੀ ਦੀਆਂ ਪਰੇਮ ਕਹਾਣੀਆਂ ਇਹਨਾਂ ਥੀਂ ਸੁਣਦੇ ਸਨ।

ਬਾਬਾ ਸ੍ਰੀ ਚੰਦ ਫੇਰ ਪੱਖੋਕੇ ਆਕੇ ਇਕਾਂਤ ਹੀ ਰਹਿਣ ਲਗੇ ਸਨ ਤੇ ਕਦੀ ਕਦੀ ਸਮਾਧੀ ਲਾ ਕੇ ਕਈ ਕਈ ਦਿਨ ਬੈਠੇ ਰਿਹਾ ਕਰਦੇ ;ਸਨ। ਸ੍ਰੀ ਮਾਤਾ ਜੀ ਇਹਨਾਂ ਦੀ ਇਸ ਬਾਲ ਉਮਰੇ ਦੀ ਉਪਰਾਮਤਾ ਵੇਖ ਵੇਖ ਕੇ ਬਹੁਤ ਚਿੰਤਾਤੁਰ ਵੀ ਰਿਹਾ ਕਰਦੇ ਸਨ। ਪਰ ਡਾਂਟ ਪਾ ਕੇ ਕਦੀ ਇਹਨਾਂ ਨੂੰ ਅਜਿਹਾ ਕਰਨ ਤੋਂ ਹੋੜਿਆ ਨਹੀਂ ਸੀ। ਸਗੋਂ ਇਕ ਦਿਨ ਪਾਸ ਬਹਾ ਕੇ ਰੋਟੀ ਖੁਆਂਦੇ ਪਿਆਰ ਭਰੇ ਦਿਲ ਨਾਲ ਸ੍ਰੀ ਚੰਦ ਜੀ ਦੀ ਕੰਡ ਤੇ ਹੱਥ ਫੇਰਦੇ ਇਉਂ ਆਖਿਆ :—

"ਲਾਲ ਜੀਓ! ਤੁਹਾਡੇ ਪਿਤਾ ਜੀ ਤਾਂ ਲੰਮੀ ਉਡਾਰੀ ਲਾ ਕੇ ਚਲੇ ਗਏ ਹਨ। ਮੈਂ ਤੁਹਾਨੂੰ ਹੀ ਵੇਖ ਵੇਖ ਕੇ ਜੀਉਂਦੀ ਹਾਂ। ਤੁਸੀਂ ਚੁਪ-ਚਾਪ ਤੇ ਉਦਾਸ ਬ੍ਰਿਤੀ ਕਨਾਰੇ ਬੈਠ ਜਾਂਦੇ ਹੋ ਤਾਂ ਮੈਨੂੰ ਚਿੰਤਾ ਵਾਪਰ ਜਾਂਦੀ ਹੈ ਕਿ ਅਸੀਂ ਤਾਂ ਪੇਟ ਭਰ ਕੇ ਖਾ ਲੈਂਦੇ ਹਾਂ ਪਰ ਤੁਸੀਂ ਸਮਾਧੀ ਲਾ ਕੇ ਭੁਖੇ ਹੀ ਬੈਠੇ ਹੁੰਦੇ ਹੋ! ਤੁਹਾਡੇ ਹਾਣ ਦੇ ਬਚਿਆਂ ਨੂੰ ਖਾਣ-ਪੀਣ, ਪਹਿਰਨ ਤੋਂ ਵਾਰੀ ਨਹੀਂ ਮਿਲਦੀ ਤੇ ਨਚਦੇ ਟਪਦੇ ਰਹਿੰਦੇ ਹਨ। ਪਰ ਤੁਸੀਂ ਪਤਾ ਨਹੀਂ ਹੁਣੇ ਕਿਉਂ ਇਤਨੇ ਉਦਾਸ ਦਿਸਦੇ ਹੋ? ਇਤਨਾ ਹੱਠ ਨਾ ਕੀਤਾ ਕਰੋ। ਅਗਰ ਤੁਸੀਂ ਭਜਨ ਹੀ ਕਰਨਾ ਹੈ ਤਦ ਘਰ ਵਿਚ ਇਕਾਂਤ ਥੋੜਾ ਬੈਠ ਕੇ ਨਾਮ ਜਪ ਲਿਆ ਕਰੋ! ਵਖਰੀ ਥਾਂ ਬਣਾ ਦਿਆਂਗੇ। ਇਉਂ ਆਖਦੇ ਆਖਦੇ ਮਾਤਾ ਜੀ ਚੁਪ ਹੋ ਗਏ ਤੇ ਇਹ ਵੀ ਹੱਸ ਹੱਸ ਕੇ ਬੋਲਣ ਲਗੇ।

# ਸ੍ਰੀ ਮਾਤਾ ਜੀ ਨੂੰ ਦਿਲ ਦਾ ਭੇਦ ਦਸਿਆ

ਇਸ ਰੀਤੀ ਨਾਲ ਹਸਦੇ ਰਸਦੇ ਅਜੇ ਥੋੜੇ ਹੀ ਦਿਨ ਬਿਤਾਏ ਸਨ ਕਿ ਫੇਰ ਬਾਹਰ ਜੰਗਲ ਵਿਚ ਜਾਣ ਨੂੰ ਆਖਿਆ, ਤਦ ਮਾਤਾ ਜੀ ਅਥਰੂ ਕੇਰਨ ਲਗੇ। ਕਿਹਾ ਕਿ "ਅਜੇ ਤੁਹਾਡੇ ਦੁਰਾਡੇ ਜਾ ਕੇ ਤਪ ਕਰਨ ਦਾ ਕਿਹੜਾ ਵੇਲਾ ਹੈ? ਤੁਹਾਡੇ ਪਿਤਾ ਜੀ ਨੂੰ ਤਾਂ ਆਪਣੇ ਪਿਤਾ ਜੀ ਫਰ ਕੋਈ ਕੰਮ ਕਾਜ ਕਰਨ ਨੂੰ ਆਖਦੇ ਸਨ। ਪਰ ਅਸੀਂ ਤਾਂ ਤੁਹਾਨੂੰ ਇਸ ਪਾਸੇ ਹੁਣੇ ਪਿਆ ਵੇਖ ਉੱਚਾ ਸਾਹ ਨਹੀਂ ਲੈਂਦੇ ਹਾਂ। ਸ਼ੁਕਰ ਕਰਦੇ ਹਾਂ, ਜੇ ਅੱਖਾਂ ਸਾਹਮਣੇ ਟਿਕੇ ਰਹੋ। ਚਾਹੇ ਭਜਨ ਹੀ ਕਰਦੇ ਹੋਵੋ? ਪਰ ਇਹ ਰੀਤੀ ਤਾਂ ਚੰਗੀ ਨਹੀਂ ਕਿ ਤੁਸੀਂ ਹੁਣੇ ਹੀ ਸਾਥੋਂ ਦੂਰ ਚਲੇ ਜਾਇਆ ਕਰੋ।" ਸ੍ਰੀ ਮਾਤਾ ਜੀ ਨੇ ਘਰ ਦੇ ਇਕ ਕਮਰੇ ਅੰਦਰ ਵਖਰੀ ਥਾਂ ਬਣਾ ਦਿਤੀ ਕਿ ਇਥੇ ਬੈਠ ਕੇ ਭਜਨ ਕਰਦੇ ਰਿਹਾ ਕਰਨ ਅਤੇ ਇਹ ਵੀ ਵਖਰੇ ਬੈਠ ਕੇ ਸਿਮਰਨ ਕਰਦੇ ਰਹਿੰਦੇ ਤੇ ਕਮਲੀਆ ਜੀ ਇਸੇ ਤਰ੍ਹਾਂ ਬੈਠੇ ਹੋਇਆਂ ਦਾ ਪੂਰਾ ਪੂਰਾ ਧਿਆਨ ਰਖਦੇ। ਪਰ ਬਾਬਾ ਜੀ ਫਿਰ ਵੀ ਕਦੀ ਕਦਾਈਂ ਸੈਰ ਦੇ ਬਹਾਨੇ ਚਲੇ ਜਾਇਆ ਕਰਦੇ ਅਤੇ ਜੰਗਲ ਵਿਚ ਸਮਾਧੀ ਲਾ ਕੇ ਬੈਠੇ ਰਹਿੰਦੇ ਸਨ।

ਸ੍ਰੀ ਬਾਬਾ ਜੀ ਨੂੰ ਹੁਣ ਤਪ ਸਾਧਨ ਦੀ ਪੱਕੀ ਆਦਤ ਪੈ ਚੁਕੀ ਸੀ। ਮਨ ਨੂੰ ਇਕਾਗਰ ਕਰ

ਕੇ ਕਈ ਕਈ ਦਿਨ ਬੈਠੇ ਰਹਿੰਦੇ ਸਨ। ਇਹਨਾਂ ਨੂੰ ਐਸਾ ਹੱਠੀ ਦੇਖ ਕੇ ਸ੍ਰੀ ਮਾਤਾ ਜੀ ਦਾ ਦਿਲ ਬਹੁਤ ਕੰਬਦਾ ਤੇ ਡੋਲਦਾ ਸੀ। ਪਰ ਪੇਸ਼ ਨਹੀਂ ਸੀ ਜਾਂਦੀ ਕਿ ਇਹਨਾਂ ਨੂੰ ਹੋੜ ਸਕੇ ਅਤੇ ਬਹੁਤ ਹੀ ਮੋਹ ਪਿਆਰ ਵਿਚ ਫਸੇ ਹੋਇਆਂ ਝੂਰਦੇ ਪਏ ਸਨ। ਤਦ ਬਾਬਾ ਸ੍ਰੀ ਚੰਦ ਜੀ ਨੇ ਆਪਣੀ ਮਾਤਾ ਦਾ ਭਰਮ ਅੰਧੇਰਾ ਦੂਰ ਕਰਨ ਨੂੰ ਆਪਣੇ ਦਿਲ ਦਾ ਭੇਦ ਇਉਂ ਦਸਿਆ ਤੇ ਫੁਰਮਾਇਆ—

"ਸ੍ਰੀ ਮਾਤਾ ਜੀਓ! ਤੁਸਾਨੂੰ ਯਾਦ ਹੋਣਾ ਹੈ? ਮੈਂ ਪਿਤਾ ਜੀ ਪਾਸ ਮੋਦੀਖਾਨੇ ਜਾ ਕੇ ਬੈਠਦਾ ਤੇ ਉਹਨਾਂ ਨਾਲ ਹੀ ਜਿਥੇ ਹੋਵਣ, ਸੌਂ ਜਾਇਆ ਕਰਦਾ ਸੀ। ਉਹ ਬਹੁਤ ਰਾਤ ਰਹਿੰਦੀ ਇਸ਼ਨਾਨ ਕਰਦੇ ਤੇ ਚੌਂਕੜੀ ਮਾਰ ਬੈਠ ਜਾਇਆ ਕਰਦੇ। ਮੇਰੀ ਅੱਖ ਖੁਲ੍ਹ ਜਾਣ ਤੇ ਮੈਂ ਵੀ ਬੈਠ ਜਾਂਦਾ। ਉਨ੍ਹਾਂ ਦਿਨਾਂ ਤੋਂ ਮੈਨੂੰ ਭੀ ਜਾਗਣ ਦਾ ਸੁਭਾਉ ਪੈ ਗਿਆ ਸੀ। ਮੈਂ ਬੈਠਾ ਹੋਵਾਂ ਯਾ ਮੰਜੇ ਤੇ ਲੇਟਿਆ ਹੋਵਾਂ ਪਰ ਪਿਤਾ ਦੇ ਦੱਸੇ ਮੰਤਰ ਦਾ ਸਿਮਰਨ ਕਰਦਾ ਰਹਿੰਦਾ ਹਾਂ। ਮੈਨੂੰ ਸਮਾਧੀ ਬਿਠਾ ਕੇ ਸਿਮਰਨ ਕਰਨਾ ਯਾ ਚਲਦੇ ਫਿਰਦੇ ਨਾਮ ਜਪਣਾ ਉਹਨਾਂ ਨੇ ਹੀ ਸਮਝਾਇਆ ਸੀ।" ਪਿਤਾ ਜੀ ਨੇ ਇਕ ਦਿਨ ਇਹ ਵੀ ਦਸਿਆ ਕਿ "ਅਸੀਂ ਵੀ ਨਿੱਕੀ ਉਮਰੇ ਹੀ ਸਿਮਰਨ ਸ਼ੁਰੂ ਕੀਤਾ ਸੀ, ਤੂੰ ਵੀ ਹੁਣ ਤੋਂ ਕਰਿਆ ਕਰ। ਉਹਨਾਂ ਨੇ ਇਹ ਵੀ ਦਸਿਆ ਕਿ ਤੇਰੇ ਹਾਣ ਦੇ ਧਰੂ ਭਗਤ ਨੇ ਸਿਮਰਨ ਕੀਤਾ। ਅਟੱਲ ਪਦਵੀ ਪਾਈ ਸੀ। ਹੁਣ ਤੀਕ ਰਿਸ਼ੀ ਤੇ ਦੇਵਤੇ ਉਸ ਦੀ ਪੂਜਾ ਅਤੇ ਪ੍ਰਦਖਨਾਂ ਕਰਦੇ ਹਨ। ਕਿਉਂਕਿ ਸਿਮਰਨ ਵਾਲੇ ਨੂੰ ਸਾਰੇ ਆਪਣਾ ਮਿੱਤਰ ਤੇ ਸਖਾ ਜਾਣਦੇ ਹਨ। ਫੇਰ ਸਿਮਰਨ ਵਾਲੇ ਦਾ ਮਨ ਸੁਖੀ ਤੇ ਖਿੜਾਉ ਵਿਚ ਰਹਿੰਦਾ ਹੈ।"

—o—

## ਖ਼ੁਸ਼ਖ਼ਬਰੀ !

ਜਿਥੇ ਆਪ ਦੇ ਹਿੱਤ ਵਾਲੇ ਟਿੱਕਾ ਸਰਬਜੋਤ ਸਿੰਘ ਜੀ ਬੇਦੀ 17ਵੀਂ ਸੰਤਾਨਕ ਜੋਤ ਗੁਰੂ ਨਾਨਕ ਪਾਤਸ਼ਾਹ ਦਾ 16 ਫਰਵਰੀ 1975 ਨੂੰ ਸ਼ੁਭ ਅਨੰਦ ਕਾਰਜ ਹੋਇਆ, ਉਥੇ ਨਾਲ ਸਤਿਗੁਰੂ ਨੇ ਆਪ ਨੂੰ ਊਨਾ ਸਾਹਿਬ ਜ਼ਿਲਾ (ਹਿਮਾਚਲ ਪਰਦੇਸ਼) ਵਿਚ ਪਰਧਾਨਗੀ ਮਿਉਨਸਿਪਲ ਕਮੇਟੀ ਦੀ ਚੋਣ ਵਿਚ ਫਤਹਿਯਾਬੀ ਪਰਾਪਤ ਹੋਈ ਤੇ ਸ਼ਹਿਰ ਨਿਵਾਸੀਆਂ ਲਾਲਾ ਸੋਹਨ ਲਾਲ, ਸ: ਸਤਿਨਾਮ ਸਿੰਘ ਜੀ ਅਬੂ ਵਗੈਰਾ ਨੇ ਧੂਮ ਧਾਮ ਨਾਲ ਜਲੂਸ ਕਢੇ।

ਜਿਥੇ ਆਤਮਿਕ ਤੌਰ ਤੇ ਬਲਵਾਨ ਬਾਰਕ ਹਨ ਉਥੇ ਦੁਨੀਆਂਦਾਰੀ ਵਿਚ ਭੀ ਬੜੇ ਜ਼ਮੇਵਾਰ ਸਪੁੱਤਰ ਹਨ।

ਸੰਗਤਾਂ ਨੂੰ ਵਧਾਈ ਪਰਾਪਤ ਹੋਵੇ।

—o—

ੴ ਤਤਸਤ

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ

# ਅਥ ਕਥਾ ਪ੍ਰਸੰਗਾ

## ੩ ਸਕੰਧ ਉਤ੍ਰਾਰਧ ੪ ਅਧਯਾਯ

ਦੋ:—ਕਰਤਾ ਜਗ ਭਰਤਾ ਸਕਲ ਗਜਾਤਾ ਦਾਤਾ ਜੋਇ ॥
ਤੇ ਗੁਰੁ ਨਾਨਕ ਪਦ ਪਦਮ ਨਮੋ ਸਰਬਦਾ ਹੋਇ ॥ ੧ ॥
ਆਗੇ ਸੁਨਹੁ ਸੁ ਔਰ ਇਕ ਕਥਾ ਸੁ ਅਦਭੁਤ ਆਹਿ ॥
ਸੁਨਤ ਜਾਇ ਆਨੰਦ ਚਿਤ ਕੌਤਕ ਅਤਿ ਮਨ ਮਾਹਿ ॥ ੨ ॥
ਨਭ ਨਿਧਿ ਵਸੁ ਚੰਦਾ ਲਖਹੁ ਬਿਕ੍ਰਮ ਸਾਲ ਸੁਹਾਇ ॥
ਰਣਜਿਤ ਹਰਿਕੇ ਰਾਜ ਮੈ ਮਰੀ ਪਰੀ ਤਬ ਆਇ ॥ ੩ ॥

ਅਥ ਕਥਾ ਪ੍ਰਸੰਗਾ:— ਸ੍ਰੀ ਗੁਰੂ ਭਾਗ ਸਿੰਘ ਜੀ ਕੇ ਦਰਸ਼ਨ ਕਰ ਕੇ ਸ੍ਰੀ ਬੀਰ ਮ੍ਰਿਗੇਸ਼ ਜੀ ਜਬ ਗੁਰੂਕੇ ਸੰਤਪੁਰੇ ਮੈ ਆਏ ਤਬ ਅਪਨੇ ਸਮੀਪ ਵਰਤੀ ਦਾਸੋਂ ਪ੍ਰਤੀ ਏਕ ਦਿਨ ਕ੍ਰਿਪਾ ਦ੍ਰਿਸ਼ਟੀ ਕਰ ਕੇ ਪ੍ਰਾਤਹਕਾਲ ਮੈ ਕੋਈ ਪਾਂਚ ਚਾਰ ਘੜੀ ਰਾਤ੍ਰੀ ਸੇਸ ਰਹਤੇ ਹੂਏ ਵਰਖਾ ਰਿਤੂ ਮੈ ਬਚਨ ਕਰਤੇ ਭਏ ਕਯਾ ਹੇ ਗੋਬਿੰਦ ਲੋਕਹੁ ਤੁਮ ਧਯਾਨ ਕਰਕੇ ਸੁਣਹੁ ਅਬ ਕੇ ਭਾਦ੍ਰ ਪਦ ਮਾਸ ਮੇ ਬਡੀ ਤੇਜ ਮਰੀ ਪੜੇਗੀ ਆਪ ਲੋਕਹੁ ਨੇ ਕਹੂੰ ਅਧਿਕ ਦੂਰ ਦੇਸ ਮ ਨਹੀਂ ਜਾਨਾ ਕਾਹੇਤੇ ਜਿਸ ਕੇ ਸ਼ਰੀਰ ਮੇਂ ਵਿਸੂਚਿਕਾ ਪ੍ਰਵੇਸ਼ ਹੋ ਜਾਵੇ ਸੋ ਸੋ ਇਸ ਦਿਬਯ ਕੂਪ ਕਾ ਜਲਪਾਨ ਕਰੇਗਾ ਤਿਸਕਾ ਵਿਸੂਚਿਕਾ ਨਾਮ ਰੋਗ ਨਸ਼ਟ ਹੋ ਜਾਇਗਾ ਸਤਪੁਰਖਹੁ ਕਾ ਬੋਲਨਾ ਸਹਜ ਸੁਭਾਇ ਭੀ ਕਿਸੀ ਨ ਕਿਸੀ ਪਰਥਾਇ ਹੀ ਹੋਤਾ ਹੈ ਜਿਸ ਕੋ ਵਿਸੂਚਿਕਾ ਰੋਗ ਹੋਤਾ ਹੈ ਉਸਕੋ ਵਾਤ ਔ ਵਿਰੇਚਨ ਬਹੁਤਸਾ ਹੋਤਾ ਹੈ ਅੰਤਰ ਉਸ ਕੇ ਪਾਨੀ ਕੀ ਦਾਹ ਲਗ ਜਾਤੀ ਹੈ ਪੁਨ: ਉਸਕਾ ਸਰੀਰ ਭੀ ਛੂਟ ਜਾਤਾ ਹੈ ਪੁਨ: ਅਪਨੀ ਵਾਸਨਾ ਕੇ ਅਨੁਸਾਰ ਕਹੂੰ ਜਨਮ ਜਾਇ ਧਾਰਤਾ ਹੈ ਸਾ ਵਿਸੂਚਿਕਾ ਰੋਗ ਜਬ ਜਬ ਜਿਸ ਜਿਸ ਜੀਵ ਕੋ ਹੋਵੈ ਤਬ ਤਬ ਸੋ ਸੋ ਜੀਵ ਇਸ ਦਿਬਯ ਸਰ ਕਾ ਜਲਪਾਨ ਕਰੇਗਾ ਤਬ ਤਤਕਾਲ ਹੀ ਤਿਸਕਾ ਵਿਸੂਚਿਕਾ ਰੋਗ ਹਟ ਜਾਇਗਾ ਯੇ ਤੋ ਵਾਹਯ ਰੋਗ ਕੀ ਕਥਾ ਹੈ ਜੋ ਅੰਤਰੀਵ ਸੰਸਾਰ ਰੂਪੀ ਵਿਸੂਚਿਕਾ ਰੋਗ ਜਿਸ ਕੋ ਲਾਗਤੇ ਹੈ ਤਿਸ ਕੋ ਧਨ ਕੀ ਤ੍ਰਿਸ਼ਨਾ ਰੂਪੀ ਤ੍ਰਿਖਾ ਦਾਹ ਲਾਗ ਜਾਤੀ ਹੈ ਵਹੁ ਜੀਵ ਸੁਭ ਗੁਣੋਂ ਕਾ ਤਯਾਗ ਕਰ ਦੇਤਾ ਹੈ ਪ੍ਰਮਾਦ ਰੂਪੀ ਮ੍ਰਿਤਯੂ ਤਿਸ ਕੋ ਗ੍ਰਾਸ ਲੇਤੀ ਹੈ ਤਿਸ ਕਰਕੇ ਮਰਤਾ ਜਨਮਤਾ ਰਹਤਾ ਹੈ ਵਾਰੰਵਾਰ ਸੋ ਇਸ ਪ੍ਰਕਾਰ ਕੇ ਵਿਸੂਚਿਕਾ ਰੋਗ ਕਰ ਕੇ ਗ੍ਰਸੇ ਹੂਏ ਜੀਵ ਕੀ ਬਿਨਾ ਸਤਸੰਗ ਔਰ ਔਖਧੀ ਕੋਈ ਨਹੀਂ ਹੈ ਇਸ ਪ੍ਰਕਾਰ ਕੇ ਵਿਸੂਚਿਕਾ ਰੋਗ ਕਰਕੇ ਗ੍ਰਸਯਾ ਹੂਆ ਜੀਵ। ਜਬ ਸਤਸੰਗ ਰੂਪੀ ਦਿਬਯ ਸਰ ਕਾ ਬਚਨ ਧਾਰਣ ਰੂਪੀ ਜਲ ਪਾਨ ਕਰੇਗਾ ਤਿਸ ਜੀਵ ਕਾ ਤਬ ਤਾਤਕਾਲ ਹੀ ਸਸਾਰ ਰੂਪੀ ਵਿਸੂਚਿਕਾ ਰੋਗ ਨਿਵਰਤ ਹੋ ਜਾਵੇਗਾ। ਐਸੀ ਕਥਾ ਸੁਣ ਸਰਬ ਸਰੋਤਾ ਬੜੇ ਭਯਭੀਤ ਹੂਏ ਜਬ ਵੋ ਸਮਾ 1890 ਅਠਾਰਾਂ ਸੈ ਨਬੇ ਮੈ ਆਯਾ ਤਬ ਭਾਦ੍ਰਵ ਪਦ ਮਾਸ

ਮੈ ਮਰੀ ਆਇ ਪਰੀ ਏਕ ਹੀ ਵਾਤ ਤਥਾ ਏਕ ਹੀ ਦਸਤ ਕੇ ਆਵਨੇ ਸਾਰ ਪ੍ਰਾਣ ਜੀਵਹੁ ਕੇ ਐਸੇ ਉਡ ਜਾਵੇ ਜੈਸੇ ਅਗਨਿ ਊਪਰ ਪਾਰਾ ਉਡ ਜਾਤੋ ਹੈ। ਇਸ ਰੀਤੀ ਸੇ ਅਪਾਰ ਬਡਾ ਘੋਰ ਦੁਖ ਸੰਸਾਰ ਮੈ ਪਸਰ ਜਾਤਾ ਭਯਾ। ਸਰਬ ਲੋਕ ਮਹਾ ਦੁਖੀ ਹੂਏ ਯੇ ਵਿਸੂਚਿਕਾ ਰੋਗ ਕਿਸੀ ਉਪਾਇ ਸੇ ਭੀ ਨਿਵਰਤ ਨ ਹੋਤਾ ਭਯਾ, ਜਿਉਂ ਜਿਉਂ ਔਖਧੀ ਆਦੀ ਉਪਾਉ. ਯਤਨ ਕਰਤੇ ਹੈ ਤਿਉਂ ਤਿਉਂ ਅਧਿਕਤਰ ਹੋਤੇ ਜਾਤੇ ਹੈ ਮਾਤਾ ਪੂਤ ਕੋ ਨ ਸਮਾਰਤੀ ਭਈ, ਪਿਤਾ ਪੁਤ੍ਰ ਕੋ, ਪੁਤ੍ਰ ਪਿਤਾ ਕੋ, ਭਾਈ ਭ੍ਰਾਤਾ ਕੋ, ਪੁਰੁਖ ਇਸਤ੍ਰੀ ਕੋ, ਇਸਤ੍ਰੀ ਪੁਰੁਖ ਕੋ, ਮਿਤ੍ਰ ਮਿਤ੍ਰ ਕੋ ਨ ਸਮਾਰਤਾ ਭਯਾ, ਕੋਈ ਭੀ ਕਿਸੀ ਕੋ ਨ ਸਮਾਰਤਾ ਭਯਾ ਔਰ ਕਯਾ ਕਹਨੋ ਹੈ ਜਿਸ ਕਾ ਸਨਬੰਧੀ ਪਿਤਾ ਪੁਤ੍ਰ ਆਦੀ ਕੋਈ ਮਰ ਜਾਵੈ ਤਬ ਤਿਸ ਕੇ ਮੁਰਦੇ ਕੋ ਕੋਈ ਫੂਕਨੇ ਅਰਥ ਸਮਸਾਨ ਭੂਮਿਕਾ ਪ੍ਰਯੰਤ ਭੀ ਨ ਜਾ ਸਕੇ ਮਾਤਾ ਆਦਿਕ ਮਰੇ ਹੂਏ ਸਨਬੰਧੀ ਕੋ ਨ ਰੋਵੇ ਅਪਨੇ ਪ੍ਰਾਣ ਬਚਾਵਨੇ ਕੀ ਚਿੰਤਾ ਸਭ ਕੋ ਪਰ ਗਈ, ਸਾਰੇ ਦੇਸ ਮੈ ਹਲਚਲ ਪਰ ਗਈ ਜਹਾਂ ਕੋਈ ਡਾਕੀ ਸੇ ਮਰ ਜਾਵੇ, ਮਾਰੇ ਡਰ ਕੇ ਤਿਸਕਾ ਮੁਰਦਾ ਕੋਈ ਉਠਾਵੇ ਨਹੀਂ, ਜਹਾਂਕੇ ਤਹਾਂ ਮੁਰਦੇ ਪਰੇ ਰਹੈ ਔਰ ਜੀਵਤੇ ਮਾਨੁਖ ਇਸਤ੍ਰੀ ਤਿਸਕੇ ਪਾਸ ਸੇ ਭਾਗ ਜਾਵੈ; ਇਸ ਰੀਤੀ ਸੇ ਜਬ ਡਾਕੀ ਨੇ ਸੰਸਾਰ ਮੈ ਅਤਿ ਜੋਰ ਕੀਆ ਬਡਾ ਘੋਰ ਦੁਖ ਜਗਤ ਮੈ ਪਸਰ ਜਾਤਾ ਭਯਾ ਮਨੂਜੀ ਕੀ ਵੰਸ ਅਤਿ ਦੁਖੀ ਹੁਈ ਤਬ ਐਸੀ ਦੁਰਦਸਾ ਦੇਖ ਕੇ ਸ੍ਰੀ ਗੁਰੂ ਬੀਰ ਸਿੰਘ ਜੀ ਕੇ ਮਨ ਮੈ ਅਤਿ ਕਰੁਣਾ ਆਇ ਜਾਤੀ ਭਈ, ਦੁਖੀ ਦੀਨ ਜਨੋਂ ਕਾ ਦੁਖ ਨ ਸਹਾਰਤੇ ਹੂਏ ਗਰਜ ਕਰਕੇ ਸਭਾ ਬੀਚ ਮੈ ਕਹਤੇ ਭਏ ਕਿ ਹੇ ਸਭਾ ਜਨੋ ਸਿਖੋ ਸਿੰਘੋ ਸੰਤਹੁ ਆਜ ਸ ਲੇਕੇ ਜੋ ਕੋਈ ਜੀਵ ਵਿਸੂਚਿਕਾ ਰੋਗ ਵਾਰੋ ਇਸ ਦਿਬਯ ਸਰਕਾ ਸਤਿਨਾਮ ਸ੍ਰੀ ਵਾਹਿਗੁਰੂ ਯੇ ਨਵ ਅਖਰ ਆਤਮਿਕ ਮੰਤ੍ਰ ਪੜਕੇ ਪੀਵੈਗੋ ਅਥਵਾ ਇਸ ਰੋਗ ਵਾਰੇ ਕੇ ਮੁਖ ਮੈ ਡਾਰੈਗੋ ਤਿਸਕਾ ਵਿਸੂਚਿਕਾ ਰੋਗ ਤਤਕਾਲ ਹੀ ਨਿਵਰਤ ਹੋ ਜਾਵੈਗੋ ਜੈਸੇ ਵਰਖਾ ਕਾਲ ਮੈ ਮੇਘ ਗਰਜ ਕੇ ਸਿਖੀ ਜਨੋ ਕੋ ਮੋਰ ਜਨੋ ਕੋ ਆਨੰਦ ਦਾਨ ਦੇਕੇ ਤੂਸਨੀ ਹੋ ਜਾਤਾ ਹੈ ਤੈਸੇ ਸਾਹਿਬ ਭੀ ਆਨੰਦਮਯ ਸਰਬ ਕੋ ਸੁਖ ਕਾਰੀ ਕਲਯਾਨਕਾਰੀ ਵਚਨ ਕਥਕੇ ਤੂਸਨੀ ਹੋ ਜਾਤੇ ਭਏ। ਇਸ ਪ੍ਰਕਾਰ ਕੇ ਗੁਰੂ ਜੀ ਕੇ ਮੁਖਾਰਬਿੰਦ ਸੇ ਨਿਸਰਤ ਨਿਕਸੇ ਹੂਏ ਬਚਨੋ ਕੋ ਗ੍ਰਹਨ ਕਰਕੇ ਬਹੁਤ ਸੇ ਗ੍ਰਾਮਹੁ ਮੈ ਨਗਰੋਂ ਮੈ ਖਬਰ ਕਰ ਦੇਤੇ ਭਏ ਸਾਹਿਬ ਕੇ ਬਚਨੋ ਮੈ ਸਰਬ ਲੋਕੋਂ ਕੋ ਅਤਯੰਤ ਨਿਸਚਾ ਥਾ ਹੀ ਪੁਨ: ਜਬ ਐਸਾ ਹੁਕਮ ਸਾਹਿਬ ਕਾ ਸੁਣ ਪਾਯਾ ਜਿਸ ਜਿਸਨੇ ਸੋ ਸੋ ਦਿਬਯ ਸਰ ਕਾ ਜਲ ਪਾਨ ਕਰਨੇ ਅਰਥ ਉਠ ਧਾਯਾ ਜਿਸ ਜਿਸ ਵਿਸੂਚਿਕਾ ਰੋਗ ਵਾਲੇ ਕੇ ਮੁਖ ਮੈ ਜਲ ਪਰ ਗਯਾ ਸੋ ਸੋ ਵਿਸੂਚਿਕਾ ਰੂਪ ਰੋਗ ਸੇ ਮੁਕਤ ਹੋਕੇ ਸੁਖੀ ਹੋ ਜਾਤਾ ਭਯਾ ਜੋ ਜੋ ਮਾਰੇ ਮਹਾਂ ਮਰੀਕੇ ਡਰਕੇ ਦਿਬਯ ਸਰ ਕਾ ਜਲ ਪਾਨ ਕਰਤਾ ਭਯਾ ਤਿਸ ਤਿਸ ਕੋ ਮਹਾਮਰੀ ਤਯਾਗ ਜਾਤੀ ਭਈ। ਯੇ ਦਿਬਯ ਕੂਪ ਕੇ ਜਲ ਕੀ ਕਥਾ ਦੂਰ ਦੂਰ ਦੇਸਹੁ ਮੈ ਪ੍ਰਗਟ ਹੋਤੀ ਭਈ, ਯੇ ਗੁਰੂ ਜੀ ਕੇ ਬਚਨ ਸਬ ਦੇਸੋਂ ਨਗਰੋਂ ਮੈ ਪ੍ਰਗਟ ਹੋ ਜਾਤੇ ਭਏ, ਜਹਾ ਜਹਾਂ ਰੋਗੀਓਂ ਕੇ ਰੋਗ ਕੀ ਨਿਬ੍ਰਿਤੀ ਅਰਥ ਜਲ ਪਹੁਚ ਜਾਵੇ ਔਰ ਸਤਿਨਾਮ ਸ੍ਰੀ ਵਾਹਿਗੁਰੂ ਐਸਾ ਮੰਤ੍ਰ ਪੜ੍ਹ ਕੇ ਜਿਸ ਰੋਗੀ ਕੇ ਮੁਖ ਮੈ ਯੇਹ ਅੰਮ੍ਰਿਤ ਸਦ੍ਰਿਸ ਜਲ ਡਾਰਿਆ ਜਾਵੇ ਆਗੇ ਚਾਹੇ ਰੋਗੀ ਮਰਣ ਕੇ ਸਨਮੁਖ ਹੋਕੇ ਮੂਰਛਤ ਭੀ ਪੜਾ ਹੋਵੇ ਪਰੰਤੂ ਜਲ ਮੁਖ ਮੈ ਪੜਨੇ ਕੇ ਸਾਥ ਹੀ ਅਰੁਜ. (ਅਰੁਜ ਨਿਰੁਜ ਦੋਨੋ ਅਰੋਗ ਕੇ ਨਾਮ ਹੈਂ) ਹੋ ਕੇ ਰਾਮ ਰਾਮ ਸ੍ਰੀ ਵਾਹਿਗੁਰੂ ਸ੍ਰੀ ਵਾਹਿਗੁਰੂ ਮੁਖ ਸੇ ਕਹਤਾ ਹੂਆ ਉਠ ਖੜਾ ਹੋਵੈ, ਜੈਸੇ ਕੋਈ ਹਾਥੋਂ ਉਪਰ ਸਰਸੋਂ ਜਮਾਯ ਕੇ ਦਿਖਾਯ ਦੇਤੇ ਹੈ ਅਥਵਾ ਕੋਈ ਫੋਨੋਂ ਕਰ ਛੋਤੇ ਹੈ, ਹੇ ਸਾਧੋ ਐਸੇ ਤਾਤਕਾਲ ਹੀ ਨਿਰੁਜ ਹੋ ਕੇ ਜੀਵ ਸੁਖੀ ਹੋ ਜਾਵੈ ਜੈਸੇ ਮ੍ਰਿਤਕ ਕੇ ਮੁਖ

ਸੈ ਅੰਮ੍ਰਿਤ ਪਰਨੇ ਸੇ ਜੀਵ ਉਠਤੇ ਹੈ ਤੈਸੇ ਇਸ ਦਿਬਯ ਸਰ ਕੇ ਜਲ ਕੇ ਮੁਖ ਮੈ ਪਰਨੇ ਸੇ ਲੋਕ ਜੀਵਨੇ ਲਗ ਪਰੇ ਇਸੀ ਪ੍ਰਕਾਰ ਸੇ ਯੇ ਜਲ ਕੀ ਕਥਾ ਚਲਤ ਚਲਤ ਸਭ ਦੇਸੋਂ ਮੈ ਪ੍ਰਗਟ ਹੋਤੀ ਹੁਈ ਊਨੇ ਸਾਹਿਬ ਪ੍ਰਯੰਤ ਪ੍ਰਗਟ ਹੋ ਜਾਤੀ ਭਈ, ਤਬ ਏਕ ਦਿਨ ਦੀਵਾਨ ਕੇ ਬੀਚ ਮੈ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਹਜ਼ੂਰ ਇਸੀ ਦਿਬਯ ਕੂਪ ਕੇ ਜਲ ਸੇ ਮਹਾਂਮਰੀ ਕੇ ਮਿਟ ਜਾਨੇ ਕਾ ਪ੍ਰਸੰਗ ਚਲਯਾ, ਤਬ ਅੰਤਰਯਾਮੀ ਗੁਰੂ ਸਾਹਿਬ ਸਿੰਘ ਜੀ ਬੜੇ ਪ੍ਰਸੰਨ ਹੂਏ ਤਬ ਮੰਦ ਮੰਦ ਮੁਸਕਰਾਯਾ ਕੇ ਸਾਹਿਬ ਬਚਨ ਕਰਤੇ ਭਏ ਕਿਉਂ ਨ ਭਾਈ ਵੀਰ ਸਿੰਘ ਐਸਾ ਜਗਤ ਪਰਉਪਕਾਰ ਕਰੇ ਕਿਉਂ ਜੋ ਵੋ ਮੇਰਾ ਰੂਪ ਹੈ ਮੇਰਾ ਹੀ ਸਰੀਰ ਹੈ ਉਥੇ ਵੀਰ ਸਿੰਘ ਨਹੀਂ ਬੈਠਾ ਹੈ ਕਿੰਤੂ ਮੈ ਹੀ ਬੈਠਾ ਹੂੰ ਐਸਾ ਬਚਨ ਕਰ ਕੇ ਪੁਨਃ ਸਰਬ ਕਾ ਹਿਤਕਾਰੀ ਬਚਨ ਕਰਤੇ ਭਏ।

ਦੋ:—ਸ੍ਰੀ ਗੁਰੂ ਸਾਹਿਬ ਸਿੰਘ ਜੀ ਬੋਲੇ ਬਚਨ ਰਸਾਲ।
ਬੀਰ ਹਰੀਕੇ ਕੂਪਕਾ ਲਯਾਵਹੁ ਜਲ ਤਤਕਾਲ ॥੧॥

ਸ੍ਰੀ ਗੁਰੂ ਜੀ ਕਾ ਬਚਨ ਮਾਨਕੇ ਹਜ਼ੂਰ ਕੇ ਸਿੰਘ ਤਾਤਕਾਲ ਹੀ ਉਠ ਧਾਏ ਗੁਰੂ ਕੇ ਸੰਤਪੁਰੇ ਮੈ ਆਏ ਸਰਬ ਬਾਤ ਭਲੀ ਭਲੀ ਸੁਣ ਕੇ ਸ੍ਰੀ ਬੀਰ ਸਿੰਘ ਜੀ ਕੇ ਪਾਸ ਆਏ ਪ੍ਰਣਾਮ ਕਰਤੇ ਭਏ ਆਗੇ ਸ੍ਰੀ ਬੀਰ ਹਰਿਜੀ ਨ ਤਿਨ ਸੇ ਕੁਸਲਖੇਮ ਪੂਛ ਕੇ ਤਿਨ ਕਾ ਅਤਿਥੀ ਪੂਜਨ ਕਰ ਕੇ ਆਵਨ ਕਾ ਪ੍ਰਯੋਜਨ ਪੂਛਤੇ ਭਏ ਤਬ ਸਿੰਘੋਂ ਨੇ ਹਾਥ ਜੋੜ ਕੇ ਬੇਨਤੀ ਕਰੀ ਕਿ ਗੁਰੂ ਸਾਹਿਬ ਸਿੰਘ ਜੀ ਨੇ ਭੀ ਆਪ ਕੇ ਦਿਬਯ ਸਰ ਕਾ ਜਲ ਪਾਨ ਕਰਨੇ ਅਰਥ ਮੰਗਵਾਯਾ ਹੈ ਜਲ ਵਾਸਤੇ ਯੇ ਸੁਵਰਣ ਅਰ ਚਾਂਦੀ ਕੀਆਂ ਗਾਗਰਾਂ ਭੇਜੀ ਹੈਂ ਇਸ ਪ੍ਰਕਾਰ ਕੇ ਸਿੰਘੋ ਕੇ ਮੁਖ ਸੇ ਬਚਨ ਸੁਣ ਕੇ ਸ੍ਰੀ ਭਟਹਰੀ ਜੀ ਦੁਖ ਸੰਸਾਰ ਮੈ ਮਗਨ ਹੋ ਕੇ ਤਦਨੰਤਰ ਬਚਨ ਕਰਤੇ ਭਏ ਹੇ ਸੰਤ ਜਨਹੁ ਹਮਾਰਾ ਤੋ ਇਸ ਸਰੀਰ ਮੇ ਤਥਾ ਵਿਭੂਤੀ ਮੈ ਯਪਕਿੰਚਿਤ ਭੀ ਮਮਤ ਨਹੀਂ ਹੈ ਯੇ ਜੋ ਕਿਛ ਦ੍ਰਿਸ਼ ਆਵਤੇ ਹੈ ਸੋ ਸਰਬ ਹੀ ਸ੍ਰੀ ਗੁਰੂ ਸਾਹਿਬ ਸਿੰਘ ਜੀ ਕਾ ਹੀ ਪ੍ਰਤਾਪ ਹੈ ਗੁਰੂ ਜੀ ਇਸ ਸੇਵਕ ਕੋ ਯਾਦ ਕੀਓ ਯਾਂ ਤੇ ਬੜੀ ਅਨੁਗ੍ਰਹ ਕੀ ਹੈ ਇਸ ਅਨਾਥ ਕੇ ਅਹੋ ਭਾਗ ਹੈਂ ਜਿਸ ਕੇ ਊਪਰ ਗੁਰੂ ਜੀ ਇਤਨੀ ਕ੍ਰਿਪਾ ਦ੍ਰਿਸ਼ਟੀ ਰਖਤੇ ਹੈਂ ਲੀਜਿਯੇ ਇਸ ਦਿਭ੍ਯ ਕੂਪ ਕਾ ਜਲ ਆਪ ਭੀ ਪਾਨ ਕੀਜੀਯੇ ਪੁਨ: ਸ੍ਰੀ ਗੁਰੂ ਜੀ ਅਰਥ ਗਾਗਰਾਂ ਪੂਰਕੇ ਲੈ ਜਾਇਯੇ ਜਿਤਨੀ ਆਪ ਕੀ ਇਛਾ ਹੋ ਐਸੇ ਬਚਨਕਰ ਕੇ ਪ੍ਰਥਮ ਉਨਕੋ ਪ੍ਰਸਾਦ ਪ੍ਰਸੰਨ ਕਰ ਕੇ ਅਨੇਕ ਪ੍ਰਕਾਰ ਕੇ ਪਦਾਰਥ ਦਿਬਯ ਭੋਜਨ ਕਰਾਏ ਪੁਨ: ਬੜੇ ਕੌਸ਼ੇਯ ਬਸਤ੍ਰ ਹਜ਼ੂਰ ਕੀ ਭੇਟਾ ਅਰਥ ਦੇ ਕੇ ਔਰ ਅਨੇਕ ਪ੍ਰਕਾਰ ਕ ਬਸਤ੍ਰ ਤਥਾ ਛਕਣੇ ਵਾਲੇ ਪਦਾਰਥ ਹਜ਼ੂਰ ਕੀ ਭੇਟਾ ਦੇਤੇ ਭਏ ਕੌਸੇਯ ਨਾਮ ਪਟ ਕੇ ਬਸਤਰੋਂ ਕੋ ਹੈ ਤਦਨੰਤਰ ਮਨ ਬਾਛਤ ਪੁਸਾਕਾਂ ਹਜ਼ੂਰ ਕੇ ਸਿੰਘੋਂ ਕੋ ਦੇਤੇ ਭਏ ਪੁਨ: ਦਿਬਯ ਜਲ ਸੇ ਗਾਗਰਾਂ ਭਰਕੇ ਖਾਮ ਕਰ ਕੇ ਅਪਨੇ ਸਿੰਘੋਂ ਕੇ ਸੀਸ ਪਰ ਦੇ ਕੇ ਹਜ਼ੂਰ ਕੇ ਸਿੰਘੋਂ ਕੈ ਸਾਥ ਭੇਜਤੇ ਭਏ ਆਗੇ ਦੂਰ ਪ੍ਰਯੰਤ ਸਾਥ ਜਾਇਕੇ ਬੜੀ ਪ੍ਰਾਰਥਨਾ ਹਜ਼ੂਰ ਕੇ ਆਗੇ ਕਰ ਭੇਜਤੇ ਭਏ ਪੁਨ: ਹਜ਼ੂਰ ਕੇ ਸਿੰਘੋਂ ਕੋ ਬਿਦਾ ਕਰ ਕੇ ਆਪਨੇ ਆਸਨ ਪਰ ਆਵਤੇ ਭਏ। ਜਬ ਵੋ ਸਿੰਘ ਜਲ ਕੀਆਂ ਗਾਗਰਾਂ ਲੈ ਕੇ ਊਨੇ ਸਾਹਿਬ ਮੈ ਪਹੁਚੇ ਸਾਹਿਬ ਕੇ ਆਗੇ ਭੇਟਾ ਸੰਯੁਕਤ ਰਖ ਦੇਤੇ ਭਏ ਜੋ ਜੋ ਪ੍ਰਾਰਥਨਾ ਹਜ਼ੂਰ ਕੇ ਚਰਣੋਂ ਮੈ ਲਿਖ ਭੇਜੀ ਥੀ ਸੋ ਨੈਵੇਦਨ ਕਰ ਦੇਈ। ਸੁਣ ਕੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਬੜੇ ਪ੍ਰਸੰਨ ਹੋ ਕੇ ਸ੍ਰੀ ਬੀਰ ਸਿੰਘ ਜੀ ਊਪਰ ਬੜੀ ਖੁਸ਼ੀ ਕਰਤ ਭਏ ਤਦਨੰਤਰ ਪ੍ਰਥਮ ਆਪ ਜਲ ਪਾਨ ਕੀਆ ਪੁਨ: ਅੰਤਹ ਪੁਰ ਮੈ ਜਲ ਭੇਜ ਦੀਆ ਤਥਾ ਸਭਾਸਦੋ ਕੋ ਵੋ ਅੰਮ੍ਰਿਤ ਰੂਪੀ ਜਲ ਦੀਆ ਤਦਨੰਤਰ ਸਾਰੇ ਊਨੇ ਸਾਹਿਬ ਮੈ ਵੋ ਜਲ ਬਾਂਟ ਦੀਆ

ਪੁਨ: ਅਪਨੇ ਦੇਸ ਮੇ ਡੋਂਡੀ ਪਿਟਵਾ ਦਈ ਕੇ ਜੋ ਕੋਈ ਯੇ ਅੰਮ੍ਰਿਤ ਰੂਪੀ ਜਲ ਪਾਨ ਕਰੇਗਾ ਸੋ ਜੀਵ ਅਪਮ੍ਰਿਤਯੂ ਸੇ ਕਭੀ ਭੀ ਨ ਮਰੈਗਾ ਯੇ ਕਥਾ ਤੋ ਐਸੇ ਭਈ ਅਬ ਲਵਪੁਰ ਕੀ ਓਰ ਕੀ ਕਥਾ ਸੁਣਹੁ ।

ਇਸ ਓਰ ਰਾਜਾਧਿਰਾਜ ਰਣਜੀਤ ਸਿੰਘ ਕੋ ਵੀ ਖਬਰ ਹੋਈ ਜੋ ਮਾਝੇ ਬੀਚ ਗੁਰੂ ਸਾਹਿਬ ਸਿੰਘ ਜੀ ਕੇ ਸਿਖ ਸ੍ਰੀ ਬੀਰ ਸਿੰਘ ਜੀ ਨੇ ਮਹਾਮਰੀ ਕੀ ਨਿਬ੍ਰਿਤੀ ਅਰਥ ਸਦਾਵਰਤ ਲਗਾਇ ਦੀਆ ਹੈ ਐਸਾ ਹੁਕਮ ਦੇ ਦੀਆ ਕਿ ਜੋ ਕੋਈ ਇਸ ਦਿਬ੍ਯ ਕੂਪ ਕਾ ਜਲਪਾਨ ਕਰੇਗਾ ਤਿਸਕੋ ਮਹਾਮਰੀ ਕਾ ਭਯ ਨ ਰਹੇਗਾ ਯੇ ਕਥਾ ਸਭ ਦੇਸ ਮੇ ਉਜਾਗਰ ਹੋ ਰਹੀ ਹੈ ਹਮ ਭੀ ਮਹਾਰਾਜ ਜੀ ਕੇ ਦਿਬਯ ਸਰ ਕਾ ਜਲ ਮੰਗਵਾਇ ਕੇ ਪਾਨ ਕਰ ਲੇਵੇਂ ਰਾਜਾ ਰਣਜੀਤ ਸਿੰਘ ਜੀ ਅਪਣ ਮੰਤ੍ਰੀਉਂ ਸਾਥ ਐਸਾ ਵਿਚਾਰ ਕਰਕੇ ਦਸ ਬਦਰੇ ਰੁਪਯੋਂ ਕੇ ਅਪਨੇ ਸਮੀਪ ਵਰਤੀ ਦਾਸੋਂ ਕੇ ਹਾਥ ਮੈ ਦੇਕੇ ਭੇਜਤਾ ਭਯਾ ਔਰ ਜਲ ਵਾਸਤੇ ਸੁਵਰਨ ਰਜਤ ਕੀ ਗਾਗਰਾਂ ਅਨੇਕ ਹੀ ਪਠਾ ਦੇਤਾ ਭਯਾ ਜਬ ਗੁਰੂ ਕੇ ਸੰਤਪੁਰੇ ਮੈ ਆਏ ਰਾਜਾ ਕੇ ਦਾਸ ਤਬ ਦੇਖਾ ਕੇ ਸੈਂਕੜੋਂ ਹਜ਼ਾਰੋਂ ਆਦਮੀ ਪ੍ਰਸਾਦ ਛਕ ਰਹੇ ਹੈਂ ਹਜ਼ਾਰੋਂ ਹੀ ਜਲ ਕੇ ਅਕਾਂਖੀ ਜਲ ਹੀ ਲੈ ਲੈ ਜਾ ਰਹੇ ਹੈਂ ਸਮੀਪ ਦੇਸ ਮੇ ਵਰਤਮਾਨ ਨਰੋਗਾਵਾਦ ਆਦੀ ਗ੍ਰਾਮੋਂ ਮੈ ਮਹਾਮਰੀ ਕਾ ਦੋਸ ਨਿਬ੍ਰਿਤ ਹੂਆ ਹੂਆ ਭੀ ਦੇਖਯਾ ਕੇ ਨ ਕੋਈ ਵਿਸੂਚਿਕਾ ਸੇ ਮਰਤਾ ਹੈ ਅਰ ਨ ਕਈ ਰੋਵਤਾ ਹੀ ਹੈ ਤਿਨਹੁ ਨੇ ਅਨੇਕ ਲੋਕੋਂ ਸੇ ਪੂਛ ਭੀ ਲੀਆ ਜ਼ਲ ਕਾ ਬ੍ਰਿਤਾਂਤ ਨਿਸਚੈ ਕਰ ਕੇ ਪੁਨ: ਆਇ ਸ੍ਰੀ ਗੁਰੂ ਜੀ ਕੇ ਆਗੇ ਸਰਕਾਰ ਕੀ ਦਈ ਹੂਈ ਭੇਟਾ ਰਖ ਕੇ ਪ੍ਰਣਾਮ ਕਰਤੇ ਭਏ। ਬਚਨ ਹੂਆ ਕੇ ਭਾਈ ਸਿਖਹੁ ਯੇ ਕੈਸਾ ਪਦਾਰਥ ਹੈ ਤਬ ਉਨ ਦਾਸੋਂ ਨੇ ਬੇਨਤੀ ਕੀਤੀ ਮਹਾਰਾਜ ਜੀ ਯੇ ਪਦਾਰਥ ਸਰਕਾਰ ਰਣਜੀਤ ਸਿੰਘ ਨੇ ਪਠਾਯਾ ਹੈ ਪੁਨ: ਬਚਨ ਹੂਆ ਕੇ ਹਮਾਰੇ ਪਾਸ ਰਣਜੀਤ ਸਿੰਘ ਨੇ ਯੇ ਪਦਾਰਥ ਕਿਉਂ ਪਠਾਯੋ ਹੈ ਹਮ ਤੋ ਉਸ ਕੇ ਪਾਸ ਸੇ ਮਾਂਗਾ ਨਹੀਂ ਹੈ ਨ ਕਿਸੀ ਕੇ ਹਾਥ ਸੰਦੇਸਾ ਹੀ ਪਠਾਯਾ ਹੈ ਉਸ ਨੇ ਹਮਾਰੇ ਪਾਸ ਪਦਾਰਥ ਕਿਉਂ ਪਠਾਯਾ ਹੈ। ਦਾਸੋਵਾਚ ॥ ਹੇ ਗੁਰੂ ਜੀ ਯੇ ਪਦਾਰਥ ਸਰਕਾਰ ਨੇ ਆਪ ਕੀ ਨਜ਼ਰਾਨਾ ਕਰ ਕੇ ਭੇਜਯਾ ਹੈ ਅਰ ਜਲ ਵਾਸਤੇ ਪ੍ਰਾਰਥਨਾ ਕਰ ਭੇਜੀ ਹੈ ਆਪ ਕੇ ਚਰਨ ਕਵਲੋਂ ਪਰ ਪ੍ਰਣਾਮ ਕਰ ਪਠਾਈ ਹੈ ਐਸੇ ਦਾਸਹੁ ਕੀ ਬੇਨਤੀ ਸੁਣ ਕੇ ਪੁਨ: ਮੰਦ ਮੰਦ ਮੁਸਕਰਾਇ ਕੇ ਉਨ ਸਰਕਾਰੀ ਲੋਕੋਂ ਸੇ ਸ੍ਰੀ ਬੀਰ ਮ੍ਰਿਗਾਰੀ ਜੀ ਬਚਨ ਕਰਤੇ ਭਏ ਕੇ ਤੁਮ ਜੋ ਪਦਾਰਥ ਹਮਕੋ ਦੇ ਕੇ ਇਸ ਦਿਬਯ ਸਰ ਕਾ ਜਲ ਲੀਆ ਚਾਹਤੇ ਹੋ ਕ੍ਯਾ ਹਮ ਜਲ ਕੇ ਵੇਚਨੇ ਕੇ ਬਯਾਪਾਰੀ ਹੈਂ ਜੋ ਤੁਮ ਮੋਲ ਲੇਨੇ ਆਏ ਹੋ ਯੇ ਦ੍ਰਬਯਾ ਕਾ ਲੋਭ ਹਮਕੋ ਮਤ ਦਿਖਾਵਹੁ ਇਸ ਦ੍ਰਬਯ ਕੀ ਲੋੜ ਤੋ ਹਮਾਰੇ ਕੁਤਿਆਂ ਕੋ ਭੀ ਨਹੀਂ ਹੈ ਜੈਸੇ ਧਰਮਾਰਥ ਯੇ ਸਾਰੇ ਲੋਕ ਪੜੇ ਪਾਠ ਕਰਤੇ ਹੈਂ ਤੈਸੇ ਤੁਮ ਭੀ ਭਰਕੇ ਲੇ ਜਾਵਹੁ ਯਥੇਛ ਪਾਨ ਭੀ ਕਰ ਲੇਵਹੁ ਹਮ ਕੋ ਦ੍ਰਬਯ ਕਾ ਲੋਭ ਮਤ ਦਿਖਾਵਹੁ ਯੇ ਪ੍ਰਥਮ ਅਪਨਾ ਦ੍ਰਬਯ ਸੀਘਰ ਹੀ ਉਠਾਇ ਲੇਵਹੁ ਪੁਨ: ਪੀਛੇ ਸੇ ਜਲ ਲੇਨੇ ਕੀ ਇਛਾ ਕਰਹ ਹਮਕੋ ਇਸ ਝੂਠੇ ਧਨ ਕੀ ਲੇਸ ਮਾਤ੍ਰ ਭੀ ਇਛਾ ਹਮਾਰੇ ਨਹੀਂ ਹੈ ਯੇ ਸਵੇਤ ਪਥਰ ਸੇ ਉਸੀ ਕੋ ਲੈ ਜਾਇ ਦੇਵਹੁ ਜਹਾਂ ਸੇ ਲਯਾਏ ਹੋ ਅਥਵਾ ਔਰ ਕਿਸੇ ਤ੍ਰਿਸ਼ਨਾਲੂ ਕੋ ਦੇ ਡਾਰੋ ਹਮਾਰੇ ਖਜਾਨੇ ਤੋ ਸਚੇ ਧਨ ਸੇ ਭਰੇ ਹੂਏ ਹੈਂ ਈਹਾਂ ਹਮਾਰੇ ਖਜਾਨੇ ਮੇ ਮਿਥਯਾ ਧਨ ਕੀ ਸਮਾਈ ਨਹੀ ਹੈ ਹਮਕੋ ਤਾਂ ਇਨ ਲੋਕੋਂ ਕੋ ਅਤਿ ਦੁਖੀ ਦੇਖਕੇ ਦਯਾ ਸੀ ਉਰ ਮੇ ਆਇ ਗਈ ਹੈ ਇਸ ਹੇਤੂ ਸੇ ਇਨ ਕੇ ਦੁਖ ਕੀ ਨਿਬ੍ਰਿਤੀ ਅਰਥ ਜਲ ਕਾ ਸਦਾ ਵਰਤ ਲਗਾਇ ਦੀਆ ਸ੍ਰੀ ਬੀਰ ਮ੍ਰਿਗੇਸ਼ ਕੇ ਐਸੇ ਪਰਮ ਉਦਾਰ ਵਚਨ ਸੁਣ ਕੇ ਸਰਕਾਰੀ ਦਾਸ ਅਤਿ ਆਨੰਦ ਕੋ ਪ੍ਰਾਪਤ ਹੋਤੇ ਭਏ। ਗੁਰੂ ਜੀ ਕੀ ਆਗਯਾ ਪਾਇ ਕੇ ਜਲ ਕੀਆਂ ਗਾਗਰਾਂ ਭਰ ਕੇ ਲਵਪੁਰ

ਕੇ ਆਵਤੇ ਭਏ ਔ ਆਪ ਭੀ ਉਸ ਦਿਬਯ ਸਰ ਕਾ ਜਲ ਪੀਵਤੇ ਭਏ ਆਨੰਦ ਸਹਤ ਲਯਾਇ ਕੇ ਸਰਕਾਰ ਕੇ ਆਗੇ ਲਯਾ ਰਖਤੇ ਭਏ ਤਬ ਦੇਖ ਕੇ ਸਰਕਾਰ ਨੇ ਕਹਯਾ ਯੇ ਦ੍ਰਿਬਯਾ ਕਿਉ ਫੇਰ ਲਯਾਏ ਹੋ ਦੇ ਕਾਹੇ ਨਹੀਂ ਆਏ ਐਸੇ ਸਰਕਾਰ ਕੇ ਵਚਨ ਸੁਣ ਕੇ ਸਰਕਾਰ ਕੇ ਆਗੇ ਸੇਵਕੋਂ ਨੇ ਅਰਜ ਕੀਤੀ ਮਹਾਰਾਜ ਜੀ ਵੋ ਤੋ ਕੋਈ ਸਾਖਯਾਤ ਦੇਵਤਾ ਹੈ ਅਥਵਾ ਈਸ਼ਵਰ ਹੀ ਹੈ ਉਨ ਕੇ ਗੁਨਹੁ ਕਾ ਪਾਰ ਨਹੀਂ ਪਾਯਾ ਜਾਤਾ ਹੈ ਏਕ ਤੋ ਨਿਰੰਤਰ ਉਨ ਕੇ ਅੰਨ ਕਾ ਸਦਾ ਵਰਤ ਲਾਗ ਰਹਯੇ ਹੈ ਨ ਕੋਈ ਉਨੇ ਜਾਗੀਰ ਹੈ ਨ ਮਾਫੀ ਕੋਈ ਜਿਮੀ ਨਹੀਂ ਹੈ ਅੰਨ ਬਸਤ੍ਰ ਆਦੀ ਪਦਾਰਥ ਅਭਯਾਗਤੋਂ ਕੋ ਬਾਂਟ ਰਹੇ ਹੈ ਕੁਛ ਕਿਸੀ ਪਦਾਰਥ ਕੀ ਉਨ ਕੇ ਭੰਡਾਰੇ ਮੈ ਤੋਟ ਨਹੀਂ ਆਵਤੀ ਹੈ ਦੁਤੀਯ ਜੋ ਜੀਵ ਉਨ ਕੇ ਦਿਬ੍ਯ ਕੂਪ ਕਾ ਜਲਪਾਨ ਕਰਤਾ ਹੈ ਉਸ ਕੀ ਮਹਾਮਰੀ ਕੀ ਬੀਮਾਰੀ ਹਟ ਜਾਤੀ ਹੈ ਤੀਸਰਾ ਜੈਸਾ ਕੋਈ ਸੰਕਲਪ ਕਰ ਕੇ ਉਨ ਕੇ ਸਮੀਪ ਜਾਤਾ ਹੈ ਤਿਸ ਕਾ ਸੰਕਲਪ ਤਤਕਾਲ ਪੂਰਣ ਕਰ ਦੇਤੇ ਹੈਂ ਚਤੁਰਥ ਬੜੇ ਤੇਜਸਵੀ ਹੈ ਪੰਚਮ ਕੋਈ ਬਿਕਾਰੀ ਉਨ ਕੇ ਸਮੀਪ ਨਹੀ ਟਿਕਤੇ ਹੈ ਬਡੇ ਬਡੇ ਧਨੀ ਬਲੀ ਲੋਕ ਦੂਰ ਸੇ ਗਰਜਤੇ ਆਵਤੇ ਹੈ ਪਰੰਤੂ ਉਨ ਕੇ ਸਨਮੁਖ ਆਇ ਕੇ ਕੁਛ ਬੇਮਿਰਯਾਦਾ ਕਾ ਵਚਨ ਨਹੀ ਕਰ ਸਕਤੇ ਹੈਂ ਹੇ ਰਾਜਨ ਖਸ਼ਟਮ ਉਨ ਕੋ ਧਨ ਕਾ ਲਬ ਯਦ ਕਿੰਚਿਤ ਭੀ ਨਹੀ ਹੈ ਉਨ ਕੀ ਕਯਾ ਕਥਾ ਕਹੋ ਜੋ ਉਨ ਕੇ ਸਮੀਪ ਵਰਤੀ ਊਪਰ ਸੇ ਤੋ ਬਸਤ੍ਰ ਆਦੀ ਸਾਮਗ੍ਰੀ ਸੇ ਰਸਤ ਦਿਖਾਈ ਦੇਤੇ ਹੈਂ ਪਰੰਤੂ ਧਨ ਕਾ ਲੋਭ ਹਮਨੇ ਉਨ ਕੇ ਭੀ ਨਾ ਦੇਖਾ ਕਾਹੇਤੇ ਯੇ ਆਪ ਕਾ ਦਿਯਾ ਹੂਆ ਧਨ ਉਨਕੋ ਦੇ ਰਹੇ ਪਰੰਤੁ ਉਨਹੁ ਭੀ ਅੰਗੀਕਾਰ ਨਾ ਕੀਆ ਮਹਾਤਮਾ ਕੀ ਕ੍ਰਿਪਾਦ੍ਰਿਸ਼ਟ ਸ ਉਨ ਕੇ ਸਮੀਪ ਵਰਤੀ ਸਭੀ ਤਯਾਗ ਵੈਰਾਗਵਾਨ ਹੂਏ ਹੂਏ ਹੈ ਹੇ ਰਾਜਨ ਵੋ ਮਹਾਤਮਾ ਔਰ ਇਤਰ ਜਨਹੁ ਕੇ ਸਮਾਨ ਨਹੀ ਹੈਂ ਪਰੰਤੂ ਇਤਰ ਲੋਕਹੁ ਸੇ ਅਤਿ ਵਿਲਖਣ ਹੈ ਸੁਣਨ ਮੈ ਅਰ ਦੇਖਨੇ ਮੈ ਬਡਾ ਅੰਤਰਾਯ ਹੈ ਹੇ ਮਹਾਰਾਜ ਵੇ ਸੰਤ ਜਨ ਪਰਮਦਯਾਲ ਹੈ ਅਰ ਬਡੇ ਮਧੁਰ ਮੀਠੇ ਉਨਕੇ ਵਚਨ ਮਨ ਮੈ ਅਤਿ ਪਯਾਰੇ ਲਾਗਤੇ ਹੈਂ ਹਮਨੇ ਉਨਕੇ ਆਗੇ ਧਨ ਰਖ ਕੇ ਉਨਕੋ ਬਹੁਤ ਸਾ ਭ੍ਰਮਾਯਾ ਪਰੰਤੂ ਵਹੁ ਨ ਭ੍ਰਮੇ ਹਮਾਰੇ ਭ੍ਰਮਾਏ ਹੂਏ ਵਹੁ ਮਹਾਤਮਾ ਤ੍ਰਿਸ਼ਨਾ ਸੇ ਰਹਤ ਹੈ ਔ ਸਬਦਾਦੀ ਵਿਸ਼ਯੋ ਸੇ ਵਿਰਕਤ ਹੈ ਉਨਕੇ ਵਚਨ ਭੀ ਅਮਘ ਹੈਂ ਵਰ ਸ੍ਰਾਪ ਰੂਪ ਤੁਰਤ ਹੀ ਫੁਰਤੇ ਹੈਂ ਔਰ ਜੋ ਮਹਾਰਾਜ ਜੀ ਕੇ ਸਮੀਪ ਵਰਤੀ ਸਿਖ ਸੇਵਕ ਰਹਣੇ ਵਾਲੇ ਹੈ ਇਸ ਲੋਕ ਕੇ ਰਾਜ ਸੁਖ ਕੀ ਕਯਾ ਤੁਛ ਬਾਤ ਹੈ ਵੋ ਤੋ ਸਵਰਗ ਕੇ ਰਾਜ ਕੀ ਭੀ ਬਾਂਛਾ ਨਹੀਂ ਕਰਤੇ ਹੈ । ਸਰਕਾਰ ਰਣਜੀਤ ਸਿੰਘ ਜੀ ਐਸੀ ਯਸ਼ ਵਾਲੀ ਕਥਾ ਸੁਣ ਕੇ ਬਹੁਤ ਪ੍ਰਸਨ ਹੋਕੇ ਸੰਤਾਂ ਕੋ ਆਸਣ ਕੀ ਓਰ ਮੁਖ ਕਰ ਕੇ ਦੋਨੋਂ ਹਾਥ ਜੋੜਕੇ ਨਮਸਕਾਰ ਕਰਤਾ ਭਯਾ ਪੁਨਾ ਹੀਰਾ ਮੋਤੀ ਕਰ ਕੇ ਜਟਤ ਗਿਲਾਸ ਮੈਂ ਪਵਾਇ ਕੇ ਤਿਸ ਅੰਮ੍ਰਿਤ ਰੂਪੀ ਜਲ ਕੋ ਪ੍ਰਣਾਮ ਵਿਨੀ ਸਹਤ ਕਰ ਕੇ ਪੁਨ: ਆਖਹੁ ਊਪਰ ਮਾਥੇ ਪਰ ਲਗਾਇ ਕ ਸੀਸ ਊਪਰ ਚਢਾਇ ਕੇ ਬਡੇ ਆਦਰ ਸਹਤ ਪਾਨ ਕਰਤਾ ਭਯਾ ਪੁਨ: ਖੜਗ ਸਿੰਘ ਆਦੀ ਅਪਨੇ ਪੁਤ੍ਰ ਪੌਤ੍ਰਹੁ ਕੋ ਪੀਨੇ ਕਾ ਹੁਕਮ ਦੇਤਾ ਭਯਾ ਪੁਨ: ਅਪਨੇ ਹਾਥ ਸੇ ਅਪਨੀ ਰਾਣੀ ਕੋ ਅੰਮ੍ਰਿਤ ਦੇ ਕੇ ਪੁਨ: ਅੰਤਹਪੁਰ ਮੇ ਅੰਮ੍ਰਿਤ ਕੀਆਂ ਗਾਗਰੇ ਭੇਜ ਦਤਾ ਭਯਾ ਫਿਰ ਸਰਬ ਸਭਾਸਦੋਂ ਕੂੰ ਦੇਤਾ ਭਯਾ ਪੁਨ: ਡਾਕ ਬਾਂਧ ਦਿਤੀ ਉਂਹਾ ਸੇ ਜਲ ਕੇ ਲਯਾਵਨੇ ਕੀ ਲਵਪੁਰ ਮੈ ਵੋ ਜਲ ਪੁਨ: ਜਿਸਕੋ ਅਪੇਖਿਤ ਹੋਵੇ ਉਸ ਕੇ ਵਾਸਤੇ ਖੁਲਾ ਹੁਕਮ ਦੇ ਦੇਤਾ ਭਯਾ ਜੋ ਜੋ ਉਸ ਅੰਮ੍ਰਿਤ ਰੂਪੀ ਜਲ ਕੋ ਪਾਠ ਕਰਤਾ ਭਯਾ ਸੋ ਸੋ ਅਪਮ੍ਰਿਤਯੂ ਕੇ ਦੁਖ ਸੇ ਛੂਟ ਜਾਤਾ ਭਯਾ ॥

(ਬਾਕੀ ਦੇਖੋ ਸਫਾ 13)

ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥

# ਸੰਪਰਦਾਇਕ ਸਮਾਚਾਰ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਗੱਦੀ-ਨਸ਼ੀਨ ਵਲੋਂ

ਪਿਤਾ-ਪੁਰਖੀ ਨਾਨਕ ਸ਼ਾਹੀ ਧਰਮ ਪ੍ਰਚਾਰ ਦੇ ਸੰਬੰਧਿਤ ਪ੍ਰੋਗਰਾਮ

ਹੇਠ ਲਿਖੇ ਅਖੰਡ ਪਾਠਾਂ ਦੀ ਸਮਾਪਤੀ ਹੋਈ ਅਤੇ ਪ੍ਰਚਾਰ, ਕੀਰਤਨ ਤੇ ਕਥਾ ਹੁੰਦੀ ਰਹੀ—

12-1-1975 ਦੋ ਅਖੰਡ ਪਾਠਾਂ ਦਾ ਭੋਗ ਦਖਣੀ ਮਸਿਆ ਦੇ ਦਿਨ ਪਿਆ।

19-1-1975 ਇਕ ਅਖੰਡ ਪਾਠ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦਿਵਸ ਤੇ।

22-1-1975 ਚਾਰ ਅਖੰਡ ਪਾਠਾਂ ਦਾ ਭੋਗ ਦਸਵੀਂ ਦੇ ਦਿਨ ਪਿੰਡ ਮਨਸੂਰਾਂ ਵਿਚ ਹੇਠ ਲਿਖੇ ਸਜਨਾਂ ਵਲੋਂ ਪੁਆਇਆ ਗਿਆ—

1] ਸ: ਸੰਤੋਖ ਸਿੰਘ ਜੀ ਲੁਧਿਆਣਾ।

2] ਸ: ਸੁਰਜੀਤ ਸਿੰਘ ਜੀ ਮਲੇਰਕੋਟਲਾ।

3] ਬੀਬਾ ਗੁਰਬਖਸ਼ ਕੌਰ ਜੀ ਜਾਲੰਧਰ।

4] ਸ: ਪਾਲ ਸਿੰਘ ਜੀ ਮਨਸੂਰਾਂ।

13-14 ਜਨਵਰੀ 1975—ਦੀਵਾਨ ਬਾਵਾ ਚਰਨ ਦਾਸ ਜੀ ਦੇ ਗੁਰਦਵਾਰੇ ਕਈ ਅਖੰਡ ਧਾਠਾਂ ਦੇ ਭੋਗ ਪਏ, ਜਿਨ੍ਹਾਂ ਵਿਚੋਂ ਇਕ ਦਾਸ ਦਾ ਸੀ।

7-2-1975— ਇਕ ਅਖੰਡ ਪਾਠ ਦਾ ਭੋਗ ਪਿੰਡ ਸੁੱਜੋਂ (ਜ਼ਿਲਾ ਜਾਲੰਧਰ) ਵਿਖੇ ਸ: ਮਹਿੰਦਰ ਸਿੰਘ ਸਪੁਤਰ ਸ: ਚੰਨਣ ਸਿੰਘ ਜੀ ਦੇ ਸ਼ੁਭ ਅਨੰਦ ਕਾਰਜ ਸਮੇਂ ਪਾਇਆ ਗਿਆ।

12 ਤੋਂ 17-2-1975— 5 ਅਖੰਡ ਪਾਠਾਂ ਦੀ ਲੜੀ ਅਰੰਭਤਾ ਹੋਈ ਜਿਸ ਦੀ ਸਮਾਪਤੀ 17 ਫਰਵਰੀ ਨੂੰ ਅਨੰਦ ਕਾਰਜ ਦੀ ਰਸਮ ਦੀ ਨਿਰਵਿਘਨਤਾ ਸਹਿਤ ਸੰਪੂਰਨਾ ਹੋਣ ਤੇ ਪਿਆ।

21-2-197:— ਦੋ ਅਖੰਡ ਪਾਠਾਂ ਦਾ ਭੋਗ ਦਸਵੀਂ ਵਾਲੇ ਦਿਨ ਪਿੰਡ ਮਨਸੂਰਾਂ ਵਿਖੇ ਪਿਆ।

23-2-1975— ਦੋ ਅਖੰਡ ਪਾਠਾਂ ਦਾ ਭੋਗ ਪਿੰਡ ਲਲਤੋਂ ਜ਼ਿਲਾ ਲੁਧਿਆਣਾ ਵਿਖੇ ਸ: ਲਾਲ ਸਿੰਘ ਜੀ ਦੇ ਗ੍ਰਹਿ ਪਾਇਆ ਗਿਆ।

## ਸਾਲਾਨਾ ਸਮਾਗਮ

25 ਤੋਂ 23-2-7-75 ਦਾਸ ਦੇ ਦਾਦਾ ਸ੍ਰੀਮਾਨ ਟਿੱਕਾ ਰਾਮ ਕਿਸ਼ਨ ਸਿੰਘ ਜੀ ਦੀ ਪਹਿਲੀ ਗੱਦੀ ਨਸ਼ੀਨੀ ਦੀ ਯਾਦ ਵਿਚ ਅਖੰਡ ਪਾਠ ਦਾ ਭੋਗ ਰਾ ਸਿੰਘ ਸੰਗਤ ਇਕੱਠੀ ਕਰ ਪਾਇਆ

ਗਿਆ। ਇਸ ਅਵਸਰ ਤੇ ਬੜੀ ਧੂਮ ਧਾਮ ਨਾਲ ਸੰਗਤਾਂ ਇਕੱਠੀਆਂ ਹੋਈਆਂ।

28-2 ਤੋਂ 1-3-75 ਜਲਾਲਾਬਾਦ ਵਿਖੇ ਮਹੰਤ ਕਰਤਾਰ ਸਿੰਘ ਇੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਦੀਵਾਨ ਸਜਿਆ।

1-3-75 ਬੂਲੇ ਸੰਗਤ ਵਿਖੇ ਰਾਏ ਸਿਖਾਂ ਦੀ ਸੰਗਤ ਇਕੱਠੀ ਹੋਈ ਤੇ ਦੀਵਾਨ ਸਜਿਆ।

8-3-75 ਇਕ ਅਖੰਡ ਪਾਠ ਦਾ ਭੋਗ ਸ: ਕਪੂਰ ਸਿੰਘ ਜੀ ਦੇ ਗ੍ਰਹਿ ਵਿਖੇ ਪਿਆ।

10-3-75 ਇਕ ਅਖੰਡ ਪਾਠ ਦਾ ਭੋਗ ਸ: ਗੁਲਜ਼ਾਰ ਸਿੰਘ ਬਲਵੰਤ ਸਿੰਘ ਜੀ ਦੀ ਬੱਚੀ ਦੇ ਸ਼ੁਭ ਵਿਵਾਹ ਸਮੇਂ ਪਿਆ।

ਇਸੇ ਦਿਨ ਇਕ ਅਖੰਡ ਪਾਠ ਦਾ ਭੋਗ ਸ: ਬਿਸ਼ਨ ਸਿੰਘ ਜੀ ਗਿਲ ਰੋਡ ਦ ਗ੍ਰਹਿ ਵਿਖੇ ਆਪ ਦੀ ਬੱਚੀ ਦੇ ਸ਼ੁਭ ਅਨੰਦ ਕਾਰਜ ਸਮੇਂ ਪਿਆ।

11-3-75 ਇਕ ਅਖੰਡ ਪਾਠ ਦੀ ਸਮਾਪਤੀ ਸ: ਸੰਤਾ ਸਿੰਘ ਜੀ ਛੋਟੀ ਘੁਢਾਣੀ ਵਾਲਿਆਂ ਦੇ ਗ੍ਰਹਿ ਵਿਖੇ ਹੋਈ।

12-3-75 ਦੋ ਅਖੰਡ ਪਾਠਾਂ ਦੀ ਸਮਾਪਤੀ ਮਸਿਆ ਦੇ ਦਿਨ ਤੇ ਦਖਣੀ ਦੀ ਸਰਾਏ ਹੋਈ।

# ਬੁਢਾ ਦਲ ਵਹੀਰ ਦੀ ਆਮਦ

6 ਤੋਂ 9 ਮਾਰਚ 1975 ਤਕ ਸਾਰਾ ਬੁਢਾ ਦਲ ਸ੍ਰੀਮਾਨ ਬਾਬਾ ਸੰਤਾ ਸਿੰਘ ਜੀ ਦੀ ਅਗਵਾਈ ਹੇਠ ਦੌਰੇ ਸਮੇਂ ਦਮਦਮਾ ਅਸਥਾਨ ਮਨਸੂਰਾਂ ਵਿਖੇ ਪੁਜੇ। ਹਰ ਦੋ ਵਕਤ ਦੀਵਾਨ ਸਜੇ। ਆਪ ਨੂੰ ਸਿਰੋਪਾਓ ਤੇ ਮਾਇਆ ਭੇਟ ਕਰ, ਬਾਬਾ ਜੀ ਨੇ ਵਿਦਾ ਕੀਤੇ। ਹਰ ਸਾਲ ਬੁਢਾ ਦਲ ਦਾ ਜਥਾ ਇਥੇ ਆ ਕੇ ਸੇਵਾ ਦਾ ਮੌਕਾ ਬਖਸ਼ਦਾ ਹੈ। ਅਤੀ ਧਨਵਾਦੀ ਹਾਂ।

—0—

ਇਹਨਾਂ ਕੁਲ ਅਖੰਡ ਪਾਠਾਂ ਦੇ ਦੀਵਾਨਾਂ ਵਿਚ ਹਜ਼ਾਰਾਂ ਗੁਰਸਿੱਖ ਇਕੱਠੇ ਹੁੰਦੇ ਹਨ ਤੇ ਸ੍ਰੀ ਹਜ਼ੂਰ ਬਾਬਾ ਜੀ ਪਿਤਾ-ਪੁਰਖੀ ਰੀਤ ਨੂੰ ਨਿਭਾਉਂਦੇ ਹੋਏ ਇਕੋ ਉਪਦੇਸ਼ ਕਰਦੇ ਹਨ—

1) ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਸਦਾ ਹੀ ਹਾਜ਼ਰ-ਨਾਜ਼ਰ ਜਾਣੋ।

2) ਗੁਰੂ ਗਰੰਥ ਸਾਹਿਬ ਆਪ ਦਾ ਆਤਮਿਕ ਸਰੂਪ ਹੈ, ਆਪ ਦੇ ਬਚਨ ਹਨ ਤੇ ਇਹਨਾਂ ਤੋਂ ਚਾਨਣ, ਪ੍ਰਕਾਸ਼ ਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

3) ਦਾਸ ਤਾਂ ਕੇਵਲ ਮਿੱਤਰ-ਵਿਚੋਲਾ ਯਾ ਆਪ ਦਾ ਪੁਤਰ ਹੈ ਤੇ ਆਪ ਨਾਲ ਜੋੜਨਾ ਦਾਸ ਦਾ ਕ੍ਰਮ ਹੈ।

4) ਆਪ ਦਾ ਉਪਦੇਸ਼ ਹੈ—"ਪੁਨ, ਦਾਨ, ਪੂਜਾ, ਪ੍ਰਮੇਸ਼ਵਰ" ਬਾਹਰੀ ਪਰਾਪਤੀ।

5) "ਸਾਚ ਕਹਉਂ ਸੁਨਿ ਲੇਉ ਸਭੈ ਜਿਨਿ ਪਰੇਮ ਕੀਓ ਤਿਨ ਹੀ ਪ੍ਰਭ ਪਾਇਓ।" ਧੰਨੇ ਭਗਤ ਪਥਰ ਵਿਚੋਂ ਪਾ ਲਿਆ ਸੀ ਤੇ ਆਪ ਜੇਕਰ ਆਪਣੇ ਬਚਨਾਂ ਤੇ ਚਲਦੇ ਰਹੇ ਤਾਂ ਨਾ "ਮੈਂ" ਵਿਚ ਆ ਜਾਓਗੇ ਤੇ ਕਦੇ ਨਹੀਂ ਹੋ ਸਕਦਾ ਕਿ ਆਪ ਨੂੰ ਪਰਾਪਤ ਨਾ ਹੋਵੇ।

ਖੂਬ ਖੂਬ ਖੂਬ ਖੂਬ ਤੇਰੋ ਨਾਮ ॥

ਝੂਠ ਝੂਠ ਝੂਠ ਦੁਨੀ ਗੁਮਾਨ ॥

ਸਤਿਨਾਮੁ ॥

# ਸੁਫਲ ਮਾਇਆ

"ਅਜੂਨੀ" ਨਾਲ ਪਿਆਰ ਕਰਨ ਵਾਲਿਆਂ ਤੇ ਇਸ ਨੂੰ ਚਲਦਾ ਰਖਣ ਲਈ ਪਰੇਮੀਆਂ ਵਲੋਂ ਹੇਠ ਲਿਖੀ ਮਾਇਆ ਪ੍ਰਾਪਤ ਹੋਈ ਹੈ—ਗੁਰੂ ਘਰ ਦਾ ਅਲੌਕਿਕ ਪ੍ਰਚਾਰ ਹੀ ਦਾਨ ਦਾ ਭਾਗੀ ਬਨਨਗੇ ਤੇ ਗੁਰੂ ਨਾਨਕ ਪਾਤਿਸ਼ਾਹ ਜੀ ਆਪ ਨੂੰ ਚੜ੍ਹਦੀਆਂ ਕਲਾਂ ਬਖਸ਼ਣਗੇ।

| | |
|---|---|
| ਸ: ਕੁਲਦੀਪ ਸਿੰਘ ਜੀ ਲੁਧਿਆਣਾ | 21) |
| ਇਕ ਗੁਪਤ ਗੁਰਸਿੱਖ ਜੀ ਦਿਲੀ | 31) |
| ਸਰਗੋਧਾ ਕਲਾਥ ਹਾਊਸ ਚੌੜਾ ਬਾਜ਼ਾਰ, ਲੁਧਿਆਣਾ | 21) |
| ਸ: ਮੇਹਰ ਸਿੰਘ ਜੀ ਚਾਵਲਾ, ਟੁਹਾਣਾ | 10) |
| ਬੀਬੀ ਪਿਆਰ ਕੌਰ ਜੀ, ਲੁਧਿਆਣਾ | 10) |
| ਸ: ਮੋਹਰ ਸਿੰਘ ਜੀ, ਸੰਗਰੂਰ | 11) |
| ਸ: ਸੁੰਦਰ ਸਿੰਘ ਜੀ ਦੂਆ, ਗਿੱਲ ਰੋਡ, ਲੁਧਿਆਣਾ | 11) |
| ਸ: ਜਗਮੋਹਨ ਸਿੰਘ ਜੀ, ਲੁਧਿਆਣਾ | 11) |
| ਸ: ਗੁਰਦੀਪ ਸਿੰਘ ਜੀ ਤਰਨਤਾਰਨ, ਜ਼ਿਲਾ ਅੰਮ੍ਰਿਤਸਰ | 10) |
| ਲਾਲਾ ਅਭਨਾਸ਼ ਲਾਲ ਜੀ, ਰੀਵਾੜੀ | 7) |
| ਮੇਜਰ ਮਹੇਸ਼ਇੰਦਰ ਸਿੰਘ ਜੀ, ਫੀਰੋਜ਼ਪੁਰ | 21) |
| ਸ: ਕਰਤਾਰ ਸਿੰਘ ਜੀ ਸਿੱਕਾ, ਨਵੀਂ ਦਿੱਲੀ | 11) |
| ਸੇਠ ਗਿਰਧਾਰੀ ਲਾਲ ਤੇ ਬੀਬਾ ਵੀਨਾ ਜੀ, ਦਿਓਲਾਲੀ | 51) |
| ਬੀਬਾ ਪ੍ਰੀਤਮ ਕੌਰ ਜੀ, ਗਲੀ ਬੇਦੀਆਂ, ਨਾਭਾ | 20) |
| ਬਾਬਾ ਇੰਦਰ ਸਿੰਘ ਜੀ, ਨਾਭਾ | 11) |
| ਸ: ਭਰਪੂਰ ਸਿੰਘ ਜੀ ਬੇਦੀ, ਅੰਬਾਲਾ | 5) |
| ਸ: ਜਗਤ ਸਿੰਘ ਜੀ ਟਾਹਲੀ ਵਾਲਾ, ਫੀਰੋਜ਼ਪੁਰ | 11) |

—o—

# ਬਾਬਾ ਸਰਬਜੋਤ ਸਿੰਘ ਜੀ ਬੇਦੀ



ਜਿਨ੍ਹਾਂ ਦਾ ਸ਼ੁਭ ਵਿਵਾਹ (ਅਨੰਦ ਕਾਰਜ) 16 ਫ਼ਰਵਰੀ 1975 ਨੂੰ ਹੋਇਆ ਹੈ।
ਆਪ ਪਟਰੋਲ ਪੰਪ ਮਨਸੂਰਾਂ ਵਿਖੇ ਉਦਘਾਟਨ ਸਮੇਂ
ਦਰਮਿਆਨ ਖੜੇ ਹਨ।

ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਮਨਸੂਰਾਂ (ਲੁਧਿਆਣਾ) ਨੇ ਮਹਿੰਦਰਾ ਆਰਟ ਪ੍ਰੈਸ, ਕਚਿਹਰੀ ਰੋਡ, ਲੁਧਿਆਣਾ ਤੋਂ ਛਪਵਾ ਕੇ, ਦਫ਼ਤਰ 'ਅਜੂਨੀ' ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ।



ਸ੍ਰੀ ਹਜ਼ੂਰ ਜੀ ਤੇ ਟਿਕਾ ਸਰਬਜੋਤ ਸਿੰਘ ਜੀ ਹੋਲਾ ਮਹਲਾ ਊਨਾ ਸਾਹਿਬ,
ਸੰਗਤਾਂ ਨਾਲ ਖੁਸ਼ੀਆਂ ਮਨਾ ਰਹੇ ਹਨ ।



ਗੁਰਗੱਦੀ ਅਸਥਾਨ, ਗੁਰੂ ਨਾਨਕ ਦੁਆਰਾ ਪਿੰਡ ਮਨਸੂਰਾਂ ਵਿਖੇ. ਜਿਥੇ ਦਰਸ਼ਨੀ ਡੇਉਢੀ
ਬਣਨੀ ਆਰੰਭ ਹੋ ਗਈ ਹੈ—ਸੇਵਾਦਾਰਾਂ ਦੇ ਦਰਸ਼ਨ ।